# ਚਿਰਾਗ

ਅਪ੍ਰੈਲ -ਜੂਨ 1994

**April - June 1994**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

ਪੁਸਤਕ ਲੜੀ—8



ਤੂੰ ਪੁੱਛਦੀ ਏਂ,
'ਤੇਰੀ ਕਵਿਤਾ, ਨੀਂਦਰ ਬਾਰੇ,
ਪੱਤਿਆਂ ਬਾਰੇ,
ਤੇ ਤੇਰੀ ਮਾਤਰ-ਭੂਮੀ ਦੇ ਮਹਾਨ
ਜਵਾਲਾ ਮੁਖੀਆਂ ਬਾਰੇ ਕਿਓਂ ਨਹੀਂ ਬੋਲਦੀ ?'

ਆ ! ਤੇ ਵੇਖ ਗਲੀਆਂ ਵਿਚ ਲਹੂ ਨੂੰ
ਆ ਤੇ ਵੇਖ !
ਗਲੀਆਂ ਵਿਚ ਲਹੂ !
ਆ ਤੇ ਵੇਖ ਲਹੂ
ਗਲੀਆਂ ਵਿਚ ਵੀ !

—ਪਾਬਲੋ ਨੇਰੂਦਾ

ਮੁੱਲ : ਅੱਠ ਰੁਪਏ

ਪੁਸਤਕ ਲੜੀ ਨੰ: 8

# ਚਿਰਾਗ਼

ਅਪਰੈਲ-ਜੂਨ 1994

**ਸੰਪਾਦਕ :** ਹਰਭਜਨ ਸਿੰਘ ਹੁੰਦਲ

**ਸੰਪਾਦਕੀ-ਮੰਡਲ :—**
ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ

★ ਇਸ ਵਾਰ ਦਾ ਕਵੀ : ਵਿਸ਼ਾਲ (ਤਿੰਨ ਕਵਿਤਾਵਾਂ)
★ ਨਜ਼ਮਾਂ : ਪ੍ਰੋ: ਗੁਰਦਿਆਲ ਸਿੰਘ, ਪ੍ਰੇਮ ਸਾਹਿਲ, ਅਵਤਾਰਜੀਤ
★ ਗ਼ਜ਼ਲਾਂ : ਉਜਾਗਰ ਸਿੰਘ ਕੰਵਲ, ਕੇਸਰ ਸਿੰਘ ਨੀਰ, ਜ਼ਹੂਰ ਆਲਮ (ਹਿੰਦੀ ਗ਼ਜ਼ਲ) ਸੁਰਿੰਦਰ ਸੋਹਲ, ਜਸਵਿੰਦਰ ਮਾਨ
★ ਲੇਖ : ਡਾ: ਬਲਦੇਵ ਸਿੰਘ ਧਾਲੀਵਾਲ, ਹਰਭਜਨ ਸਿੰਘ ਹੁੰਦਲ
★ ਕਹਾਣੀ : ਜਸਵੰਤ ਸਿੰਘ ਵਿਰਦੀ, ਡਾ: ਸਵਰਨ ਚੰਦਨ, ਮਕਸੂਦ ਸਾਕਿਬ
★ ਕਵੀ ਤੇ ਕਵਿਤਾ : ਮੀਆਂ ਸਲੀਮ ਜਹਾਂਗੀਰ ਬਾਰੇ ਵਿਸ਼ੇਸ਼ ਫੀਚਰ
★ ਵਾਘਿਓਂ ਪਾਰ : ਸਲੀਮ ਜਹਾਂਗੀਰ, ਮਕਸੂਦ ਸਾਕਿਬ, ਬਾਬਾ ਨਜਮੀਂ, ਮੁਹੰਮਦ ਫੀਰੋਜ਼ਸ਼ਾਹ, ਜਾਵੇਦ ਜ਼ੱਕੀ
★ ਪੁਸਤਕ ਪੜਚੋਲ : ਜੀਣ ਜੋਗੇ (ਮੁਸ਼ਤਾਕ ਸਿੰਘ), ਜਲਾਵਤਨ ਰੁੱਤ ਪਰਤੇਗੀ (ਮਹਿੰਦਰ ਸਾਥੀ), ਆਉਂਦੇ ਦਿਨੀਂ (ਸਰਜੀਤ ਜੱਜ) ਅਗਨਾਰ (ਗੁਰਚਰਨ ਰਾਮਪੁਰੀ)
★ ਤੁਹਾਡੇ ਖ਼ਤ : ਆਬਿਦ ਨਿਬੇਲ ਸ਼ਾਦ, ਰਾਮ ਸਰੂਪ ਅਣਖੀ, ਡਾ: ਜੋਗਿੰਦਰ ਨਿਰਾਲਾ, ਵਿਸ਼ਾਲ, ਜੋਗਿੰਦਰ ਸ਼ਮਸ਼ੇਰ, ਹਰਚਰਨ ਸਿੰਘ
★ ਪੁਸਤਕ ਪ੍ਰਾਪਤੀ : ............
★ ਟਾਈਟਲ : ਜੋਸੇ ਵੈਨ ਤੁਰੇਕੀ (ਚਿੱਲੀ)

Postal Address :
Harbhajan Singh Hundal
Editor Chirgh (Quarterly)
V. Fatu Chak,
P/o. Dhilwan,
Distt. Kapurthala-144804
(Pb.) India

ਸਹਾਇਤਾ ਵੇਰਵਾ :

| | | |
|---|---|---|
| ਇਕ ਪਰਚਾ | : | 8 ਰੁਪਏ |
| ਵਾਰਸ਼ਿਕ | : | 30 ਰੁਪਏ |
| ਬਦੇਸ਼ (ਵਾਰਸ਼ਿਕ) | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E. J.-272, ਚਹਾਰ ਬਾਗ਼, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

**ਇਸ ਅੰਕ ਦਾ ਵਿਸ਼ੇਸ਼ ਕਵੀ**

## ਮੈਨੂੰ ਕੁਝ ਮੋਹਲਤ ਦੇ/ਵਿਸ਼ਾਲ

(1)

ਤੂੰ ਮੈਨੂੰ ਅਜੇ ਨਾ ਬੁਲਾ ਜ਼ਰਾ ਕੁ ਠਹਿਰ ਜਾਂ ਜੰਗਲ
ਮੈਂ ਜਾਣਦਾ ਹਾਂ ਤੇਰੇ ਸੁਭਾਅ ਦੀ ਜ਼ਿਦ
ਮੈਂ ਖ਼ੁਦ ਆ ਜਾਵਾਂਗਾ
ਪਰ ਤੂੰ ਥੋੜੀ ਦੇਰ ਰੁਕ।
ਮੈਂ ਹਾਲੀਆਂ ਲਈ ਗੀਤ ਲਿਖਣੇ ਨੇ ਅਜੇ
ਜੋ ਉਨ੍ਹਾਂ ਨੇ ਘਰ ਪਰਤਦਿਆਂ
ਸ਼ਾਮ ਨੂੰ ਉਡਦੀ ਧੂੜ 'ਚ ਗਾਉਣੇ ਨੇ
ਅਜੇ ਮੈਂ ਬਹੁਤ ਸਾਰੀਆਂ ਕਵਿਤਾਵਾਂ ਲਿਖਣੀਆਂ ਨੇ
ਜਿੰਨ੍ਹਾਂ ਨੇ ਪੁਰਖਿਆਂ ਦੀ ਕਬਰਸਤਾਨ ਤੋਂ ਅਗਾਂਹ ਦੀ ਗੱਲ ਤੋਰਨੀ ਹੈ
ਮੈਂ ਦੁਨੀਆਂ ਦੇ ਉਨ੍ਹਾਂ ਸਭ ਬੱਚਿਆਂ ਲਈ
ਕਵਿਤਾਵਾਂ ਲਿਖਣੀਆਂ ਨੇ
ਜਿੰਨ੍ਹਾਂ ਦੀ ਜ਼ਿੰਦਗੀ ਦੀ ਪਹਿਲੀ ਸਵੇਰ ਹੀ
ਕਿਸੇ ਰੂੜੀ ਦੇ ਢੇਰ ਤੋਂ ਸ਼ੁਰੂ ਹੋ ਕੇ
ਕਿਸੇ ਕਾਰਖਾਨੇ ਦੀ ਚਲਦੀ ਮਸ਼ੀਨਰੀ ਦੀ ਘਰਚ-ਘਰਚ 'ਚ
ਆਖ਼ਰੀ ਸ਼ਾਮ ਬਣ ਕੇ ਬੀਤ ਜਾਂਦੀ ਹੈ
ਜਦ ਮੈਂ ਉਨ੍ਹਾਂ ਲਈ ਸੂਰਜ ਵਰਗੀ ਕੋਈ ਸਤਰ ਰਚ ਲਵਾਂਗਾ
ਤਦ ਮੈਂ ਖ਼ੁਦ ਆ ਜਾਵਾਗਾਂ
ਜੰਗਲ ਤੂੰ ਮੈਨੂੰ ਅਜੇ ਨਾ ਬੁਲਾ।

ਮੈਂ ਦੁਨੀਆਂ ਦੀਆਂ ਉਨ੍ਹਾਂ ਮਾਵਾਂ ਦੀ ਵੀ ਗੱਲ ਕਰਨੀ ਹੈ
ਜੋ ਆਪਣੇ ਮਹਿਬੂਬ ਤੋਂ ਪੱਟ ਦਾ ਮਾਸ ਤਾਂ ਨਾ ਖਾ ਸਕੀਆਂ
ਸਗੋਂ ਆਪਣੇ ਬੱਚਿਆਂ ਤਾਈਂ ਜਿਸਮ ਤੱਕ ਵੇਚਣਾ ਪਿਆ
ਤੇ ਦੁੱਧ ਦੀ ਥਾਂ ਵੀ ਬੱਸ ਸੁੱਕੇ ਥਣਾਂ 'ਚੋਂ ਲਹੂ ਹੀ ਚੋਇਆ ਹੈ
ਮੈਂ ਉਸ ਸਰਦ ਹੋ ਚੁੱਕੇ ਲਹੂ ਨੂੰ ਗਰਮਾਉਣਾ ਹੈ ਅਜੇ
ਤੇ ਫਿਰ 'ਪਿਕਾਸੋ' ਦੀ ਘੁੱਗੀ ਦੇ ਹੱਥ ਭੇਜਣਾ ਹੈ ਅਮਨ ਦਾ ਸੁਨੇਹਾ
ਜੋ ਅਮਨ ਨੂੰ ਲਾਸ਼ਾਂ ਦੇ ਢੇਰ 'ਚ ਦਫ਼ਨ ਕਰਨ 'ਚ ਰੁੱਝ ਗਏ ਨੇ
ਤੇ ਉਨ੍ਹਾਂ ਨਾਲ ਵੀ ਗੱਲ ਕਰਨੀ ਹੈ
ਜੋ ਪਿੱਲੀਆਂ ਇੱਟਾਂ 'ਚੋਂ
ਖ਼ੁਦਾ ਲੱਭ ਰਹੇ ਨੇ......

ਮੈਂ ਉਨ੍ਹਾਂ ਨੂੰ ਸਮਝਾਉਣਾ ਤੇ ਦੱਸਣਾ ਹੈ
ਕਿ ਉਨ੍ਹਾਂ ਦੀ ਪਹਿਲੀ ਹੀ ਜ਼ਿਦ 'ਤੇ
ਉਨ੍ਹਾਂ ਦੇ ਰੱਬ ਨੇ ਖ਼ੁਦਕਸ਼ੀ ਕਰ ਲਈ ਸੀ
ਜੰਗਲ ਤੂੰ ਮੈਨੂੰ ਅਜੇ ਨਾ ਬੁਲਾ !
ਜ਼ਰਾ ਠਹਿਰ !
ਤੂਫ਼ਾਨਾਂ ਦੇ ਮੌਸਮ 'ਚ ਬਹੁਤ ਸਾਰੇ ਘਰਾਂ ਦੇ ਚਿਰਾਗ ਬੁੱਝ ਗਏ ਨੇ
ਮੈਂ ਉਹ ਚਿਰਾਗ਼ ਜਗਾਉਣੇ ਨੇ ਅਜੇ !
ਤੇ ਸ਼ਹਿਰ ਦੇ ਹਰ ਚੌਂਕ 'ਚੋਂ ਸਲੀਬ ਚੁੱਕ ਕੇ
ਫੁੱਲਾਂ ਦੀਆਂ ਕਿਆਰੀਆਂ ਲਾਉਣੀਆਂ ਨੇ
ਬੱਚਿਆਂ ਦੇ ਹੱਥਾਂ 'ਚੋਂ ਡਰਾਉਣੇ ਜਿਹੇ ਖਿਡੌਣੇ ਖੋਹ ਕੇ
ਚੰਗੀਆਂ ਕਿਤਾਬਾਂ ਦੇਣੀਆਂ ਨੇ
ਤੇ ਫਿਰ ਤੋਂ ਉਨ੍ਹਾਂ ਨੂੰ ਵਾਪਿਸ ਬੁਲਾਉਣਾ ਹੈ
ਜੋ ਪਤਾ ਨਹੀਂ ਕਿਥੇ ਗੁੰਮ ਗਏ ਨੇ
ਜਿਨ੍ਹਾਂ ਦਾ ਇੱਕ ਹੀ ਡੰਡੇ 'ਤੇ
ਭੰਬੀਰੀਆਂ, ਰੰਗ-ਬਰੰਗੀਆਂ ਐਨਕਾਂ
ਵਾਜੇ ਢੋਲਕ, ਤੋਤੇ ਚਿੜੀਆਂ
ਤੇ ਆਪਣਾ ਹੀ ਇੱਕ ਸੰਸਾਰ ਸੀ
ਸ਼ਹਿਰ ਦੀ ਹਰ ਕੰਧ ਤੇ ਚਿਪਕੇ ਪੋਸਟਰ ਉਤਾਰਨੇ ਨੇ ਅਜੇ ਮੈਂ
ਤੇ ਉਨ੍ਹਾਂ ਦੀ ਜਗ੍ਹਾ
ਮੁਸਕਰਾਉਂਦੇ ਹੋਏ ਬੱਚਿਆਂ ਦੇ ਪੋਟਰੇਟ ਲਗਾਉਣੇ ਨੇ
ਤੇ ਸ਼ਾਇਦ ਇਹ ਵੇਖ ਕੇ ਤੂੰ ਵੀ ਜੰਗਲ
ਕਿਸੇ ਮੁਸਕਰਾਉਂਦੇ ਹੋਏ ਪੋਟਰੇਟ 'ਚ ਗੁੰਮ ਜਾਵੇਂ
ਤੂੰ ਏਨੀ ਕੁ ਮੋਹਲਤ ਦੇ
ਫਿਰ ਮੈਂ ਆ ਜਾਵਾਂਗਾ ਖ਼ੁਦ-ਬ-ਖ਼ੁਦ
ਤੂੰ ਮੈਨੂੰ ਅਜੇ ਨਾ ਬੁਲਾ !

—0—



## ਹਨੇਰਿਆਂ 'ਚ ਮਿੱਧੇ ਫੁੱਲ

(2)

ਗੱਡੀ ਵਿੱਚ ਸਫ਼ਰ ਕਰਦਿਆਂ
ਛੋਟੀਆਂ-ਛੋਟੀਆਂ ਤਲੀਆਂ ਇੱਕ ਸਿੱਕੇ ਲਈ ਤਰਸਦਾ ਵੇਖ
ਅਹਿਸਾਸ ਹੋਇਆ ਕਿ
ਬੱਚਿਆਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਨੇ
ਮੰਡੀ ਵਿੱਚ ਵਿਕਦੇ ਪਸ਼ੂਆਂ ਵਾਂਗੂ
ਗਾਹਕਾਂ ਕੋਲੋਂ ਮੁੱਲ ਪਵਾਉਂਦੀਆਂ ਔਰਤਾਂ ਵਾਂਗੂ
ਗਿਰਾਏ ਗਈ ਅਣਚਾਹੇ ਗਰਭ ਵਾਂਗੂੰ

... ... ...

ਰੰਗ ਬਰੰਗੀਆਂ ਵਰਦੀਆਂ ਪਾ ਕੇ
ਸਕੂਲ ਵੈਨ 'ਚ ਬੈਠਣ ਤੋਂ ਪਹਿਲਾਂ
ਚਾਕਲੇਟਾਂ ਦੀ ਜ਼ਿਦ ਕਰਦੇ ਨੇ ਬੱਚੇ
ਬਿਲਕੁੱਲ ਆਪਣੇ ਕੱਦ ਜਿੰਨੇ ਸਾਈਕਲ ਦੀ
ਜ਼ਿਦ ਕਰਦੇ ਨੇ ਬੱਚੇ

... ... ...

......ਤੇ ਰੂੜੀ ਦੇ ਢੇਰ ਤੋਂ ਕਾਗਜ਼ ਚੁੱਗਦਿਆਂ
ਬੱਚੇ ਭੁੱਲ ਜਾਂਦੇ ਨੇ ਕਿ
ਇਸ ਦੇਸ ਵਿੱਚ ਸਕੂਲ ਵੀ ਨੇ
ਪਾਠ ਪੁਸਤਕਾਂ ਵੀ ਨੇ
ਉਨ੍ਹਾਂ ਨੂੰ ਕੁਝ ਵੀ ਯਾਦ ਨਹੀਂ ਹੁੰਦਾ
ਆਪਣੀ ਝੁੱਗੀ ਤੋਂ
ਕਿਸੇ ਕਵਾੜੀਏ ਦੀ ਦੁਕਾਨ ਤੱਕ ਦੇ ਸਫ਼ਰ ਦਾ
ਉਹ ਰੋਜ਼
ਆਪਣੇ ਚੁੱਲੇ 'ਤੇ ਉੱਬਲਦੇ ਚੌਲਾਂ ਦੇ ਨਾਲ ਹੀ ਉੱਬਲ ਜਾਂਦੇ ਨੇ
ਜਦ ਉਨ੍ਹਾਂ ਦੇ ਘਰਾਂ ਦੀ ਥਾਂ ਬਦਲਦੀ ਹੈ
ਤਾਂ ਉਨ੍ਹਾਂ ਦੇ ਚਾਅ ਵੀ ਬਦਲ ਜਾਂਦੇ ਨੇ
ਸੁਪਨੇ ਵੀ.........ਤੇ ਮੰਗਣ ਦੇ ਤਰੀਕੇ ਵੀ
.........ਹੋਸਟਲਾਂ 'ਚ ਪੜ੍ਹਦੇ ਨੇ ਬੱਚੇ
ਆਪਣੀਆਂ ਆਦਤਾਂ 'ਚ
ਕਾਰਾਂ ਸਮੇਤ ਕਰ ਲੈਂਦੇ ਨੇ ਸ਼ਾਮਿਲ ਕੁੱਤਿਆਂ ਨੂੰ ਵੀ
ਉਹ ਸਿਰਫ਼ ਚੰਗੀਆਂ ਡਿਗਰੀਆਂ ਤੇ ਚੰਗੀਆਂ ਸੁਸਾਇਟੀਆਂ ਬਾਰੇ ਸੋਚਦੇ ਨੇ

ਸਿਰਫ ਰੋਟੀ ਬਾਰੇ
ਕਿਸੇ ਵੀ ਤਰ੍ਹਾਂ
ਲੋਹੇ ਦੇ ਅੱਗ ਬਲਦੇ ਕੜੇ 'ਚੋਂ ਲੰਘ ਕੇ
ਰੱਸੀ 'ਤੇ ਤੁਰਕੇ
ਆਪਣੀ ਜੀਭ 'ਤੇ ਕਰਕੇ ਮੋਰੀ
ਵੱਡੇ ਹੋ ਕੇ ਉਹ ਮਦਾਰੀ ਬਣ ਜਾਂਦੇ ਨੇ
ਇੰਨ੍ਹਾਂ ਬੱਚਿਆਂ ਨੇ ਰਾਸ਼ਟਰੀ ਗੀਤ ਤੋਂ ਕੀ ਲੈਣਾ ਹੈ।
ਤੇ ਕੀ ਲੈਣਾ ਹੈ ਇਸ ਗੱਲ ਤੋਂ
ਕਿ ਰਾਜਾ ਅਸ਼ੋਕ ਨੇ ਛੱਡ ਕੇ ਰਾਜ-ਪਾਟ
ਕਿਓਂ ਕਰ ਲਿਆ ਧਾਰਨ ਬੁੱਧ ਧਰਮ
ਤੇ ਉਸ ਦੀ ਬਣਾਈ ਗਈ ਲਾਠ ਨੂੰ
ਕਿਓਂ ਕਰ ਲਿਆ ਭਾਰਤ ਦੇ ਨੋਟਾਂ ਵਿੱਚ ਸ਼ਾਮਿਲ
ਤੇ ਇਸ ਗੱਲ ਤੋਂ ਵੀ ਕੀ ਲੈਣਾ ਹੈ ਉਹਨਾਂ
ਕਿ ਨਹਿਰੂ ਨੂੰ ਗੁਲਾਬ ਦਾ ਫੁੱਲ ਬਹੁਤ ਪਸੰਦ ਸੀ
ਤੇ ਨਾਲ ਹੀ ਉਸ ਨੂੰ ਚਾਚਾ ਵੀ ਆਖਦੇ ਸਨ
ਗੱਡੀ ਵਿੱਚ ਸਫ਼ਰ ਕਰਦਿਆਂ
ਛੋਟੇ-ਛੋਟੇ ਬੱਚਿਆਂ ਨੂੰ ਗਾਉਂਦਿਆਂ
ਇੱਕ-ਇੱਕ ਸਿੱਕੇ ਲਈ ਤਰਸਦਿਆਂ ਵੇਖ ਅਹਿਸਾਸ ਹੋਇਆ ਕਿ
ਬੱਚਿਆਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਨੇ.........

—0—

## ਉਨ੍ਹਾਂ ਦੇ ਖਿਲਾਫ਼

(3)

ਸਾਡਾ ਉਦਾਸ ਹੋਣਾ ਬੇਸ਼ੱਕ ਸਹਿਜ ਹੈ
ਪਰ ਸਾਨੂੰ ਉਦਾਸ ਹੋਣਾ ਨਹੀਂ ਚਾਹੀਦਾ
ਪਰ ਸਾਨੂੰ ਉਦਾਸ ਹੋਣਾ ਨਹੀਂ ਚਾਹੀਦਾ
ਉਦਾਸ ਤਾਂ ਸਾਡੇ ਪੁਰਖੇ ਵੀ ਰਹੇ ਸਨ ਤੇ ਉਨ੍ਹਾਂ ਦੇ ਪੁਰਖੇ ਵੀ
ਤੇ ਸਾਇਦ ਸਾਡੇ ਬੱਚੇ ਵੀ ਤੇ ਅਗਾਂਹ ਉਨ੍ਹਾਂ ਦੇ ਬੱਚੇ ਵੀ
ਇੰਝ ਹੀ ਉਦਾਸ ਰਹਿਣ
ਪਰ ਸਾਨੂੰ ਵਕਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੰਵਾਦ ਰਚਾਉਣਾ ਹੀ ਪਏਗਾ
ਆਪਣੀ ਛਾਤੀ 'ਤੇ ਇਤਿਹਾਸ ਖੁਦ ਲਿਖਣਾ ਪਏਗਾ
ਇਸ ਤੋਂ ਪਹਿਲਾਂ ਕਿ



ਊਝ ਦੀ ਦੀਵਾਰ ਅੱਖਾਂ ਤੱਕ ਤਿੜਕ ਜਾਵੇ
ਸਾਡੀਆਂ ਗਲਵੱਕੜੀਆਂ ਦਾ ਰਿਸ਼ਤਾ ਮਨ ਤੱਕ ਟੁੱਟ ਜਾਵੇ
ਸਾਨੂੰ ਕਰਨੀ ਪਏਗੀ ਉਨ੍ਹਾਂ ਹੱਥਾਂ ਦੀ ਸ਼ਨਾਖਤ
ਜੋ ਸਾਨੂੰ ਟੁੱਟਣਾ ਹੀ ਲੋਚਦੇ ਨੇ
ਸਾਨੂੰ ਪਵੇਗਾ ਉਸ ਸੋਚ ਦੇ ਖਿਲਾਫ਼ ਉੱਠਣਾ
ਜੋ ਯੋਜਨਾ ਬੱਧ ਸਮੇਂ ਅਨੁਸਾਰ ਨਕਾਬ ਬਦਲਕੇ
ਪੋਲਿੰਗ ਬੂਥ ਤੇ ਸਿਆਸਤ ਨਾਲ ਕਰਦੀ ਹੈ ਬਲਾਤਕਾਰ
ਤੇ ਉਹ ਸੋਚ ਜੋ—
ਹਮੇਸ਼ਾ ਸਾਡੀ ਹਿਫ਼ਾਜ਼ਤ ਦੇ ਬਹਾਨੇ ਸਾਡੇ ਚੰਮ ਤੇ ਕਰਦੀ ਹੈ ਕੁਲਹਿਣੇ ਹਸਤਾਖਰ
ਜੋ ਸਾਡੀਆਂ ਧੀਆਂ ਦੀਆਂ ਫੁਲਕਾਰੀਆਂ ਨੂੰ
ਦੇਂਦੀ ਹੈ ਰੂਪ ਕਫ਼ਨ ਦਾ
ਉਹ ਸੋਚ ਜੋ—
ਸੜਕ ਤੇ ਲੁੱਕ ਪਾਉਂਦੀ ਕਿਸੇ ਮੁਟਿਆਰ ਦੇ ਗਰਭ ਦਾ ਪੂਰਾ ਭਵਿੱਖ ਖਾ ਜਾਂਦੀ ਹੈ
ਉਹ ਸੋਚ ਜੋ—
'ਰਾਮ' ਨੂੰ ਆਖਦੀ ਹੈ ਮੰਦਿਰ ਬਣਾ
ਤੇ ਰਹੀਮ ਨੂੰ ਆਖਦੀ ਹੈ ਮਸਜਿਦ ਬਣਾ
.........ਪਰ ਬਨਣ ਲਾਸ਼ਾਂ ਦੇ ਢੇਰ 'ਤੇ
ਉਹ ਸੋਚ ਜੋ—
ਮਗਰਮੱਛ ਦੇ ਹੈ ਅੱਥਰੂ ਜਿਹੀ
ਮਾਤਮ ਛਾਏ ਘਰ 'ਚ ਜਾ ਕੇ
ਚਾਂਦੀ ਦੀਆਂ ਚੰਦ ਠੀਕਰਾਂ ਤਲੀਆਂ ਤੇ ਰੱਖਦੀ ਹੋਈ
ਘਰ ਦੀ ਕਿਸੇ ਨੁੱਕਰ 'ਚ ਕੁੰਡਲੀ ਮਾਰ ਕੇ ਬੈਠ ਜਾਂਦੀ ਹੈ
ਉਹ ਸੋਚ ਜੋ—
ਬੰਦ ਕਮਰਿਆਂ 'ਚੋਂ ਤੁਰਦੀ ਹੋਈ
ਕੁਰਸੀ ਤੇ ਜਾ ਕੇ ਲਾਰ ਵਾਂਗੂ ਟਪਕਦੀ
ਸਾਨੂੰ ਉਸ ਸੋਚ ਦੇ ਖਿਲਾਫ਼ ਜ਼ਫ਼ਰਨਾਮਾ ਲਿਖਣਾ ਹੀ ਪਏਗਾ
ਇੰਜ ਉਦਾਸ ਹੋਇਆ ਕੁਝ ਨਹੀਂ ਬਣਦਾ
ਸਾਡਾ ਉਦਾਸ ਹੋਣਾ ਬੇਸ਼ੱਕ ਸਹਿਜ ਹੈ
ਪਰ ਸਾਨੂੰ ਉਦਾਸ ਹੋਣਾ ਨਹੀਂ ਚਾਹੀਦਾ
ਤੇ ਕਰ ਦੇਈਏ ਉਸ ਯੁੱਧ ਦਾ ਐਲਾਨ
ਜਿਸ ਦੇ ਅਰਥ ਸਮਝ ਲੈਣ ਸਾਡੇ ਬੱਚੇ.........ਤੇ ਅਗਾਂਹ ਉਨ੍ਹਾਂ ਦੇ ਬੱਚੇ ਵੀ...

—0—

# ਸਰਾਪੇ ਹੋਏ

ਜਸਵੰਤ ਸਿੰਘ ਵਿਰਦੀ

ਸ਼ੇਖਰ ਜਦੋਂ ਮੇਰੇ ਸਾਹਮਣੇ ਆਇਆ ਤਾਂ ਅੱਧੀ ਬੋਤਲ ਉਹਦੇ ਹੱਥ ਵਿਚ ਸੀ, ਤੇ ਬਾਕੀ ਦੀ ਅੱਧੀ ਉਹਦੇ ਅੰਦਰ ਜਾ ਚੁੱਕੀ ਸੀ। ਪਰ ਉਹ ਨਸ਼ੱਈ ਨਹੀਂ ਸੀ ਪ੍ਰਤੀਤ ਹੁੰਦਾ। ਉਹ ਕਦੀ ਵੀ ਪੀ ਕੇ ਬੇਸੁਧ ਨਹੀਂ ਸੀ ਹੁੰਦਾ। ਸਗੋਂ ਉਹ ਕਾਫੀ ਪਰੇਸ਼ਾਨ ਲਗ ਰਿਹਾ ਸੀ। ਮੈਂ ਚਿੰਤਾ ਨਾਲ ਸੋਚਿਆ—'ਦਾਰੂ ਪੀ ਕੇ ਤਾਂ ਲੋਕ ਖਿੜ ਜਾਂਦੇ ਨੇ, ਪਰ ਇਹ ਕਿਵੇਂ ਬੁਝਿਆ ਫਿਰਦੈ ?'

'ਤੈਨੂੰ ਅੱਜ ਕੀ ਹੋ ਗਿਆ ਸ਼ੇਖਰ ?' ਮੈਂ ਘਬਰਾਹਟ ਨਾਲ ਪੁੱਛਿਆ ਤਾਂ ਉਹ ਵਿਅੰਗ ਨਾਲ ਮੁਸਕਰਾਇਆ—'ਹੁੰਦਾ ਤਾਂ ਰੋਜ਼ ਹੀ ਸੀ ਕੁਝ ਨਾ ਕੁਝ......ਪਰ ਅੱਜ ਜ਼ਰਾ ਜ਼ਿਆਦਾ ਹੀ ਹੋ ਗਿਆ।' ਅਤੇ ਉਹਨੇ ਇਕ ਕਹਿਕਹਾ ਵੀ ਲਾਇਆ। ਇਕ ਖੋਖਲਾ ਕਹਿਕਹਾ। ਮੈਂ ਉਤਸੁਕਤਾ ਨਾਲ ਪੁੱਛਿਆ—

'ਪਰ ਪਤਾ ਵੀ ਤਾਂ ਲੱਗੇ !'

'ਪਹਿਲਾਂ ਬਹਿਣ ਲਈ ਥਾਂ ਦੇ।' ਉਹਨੇ ਕਿਹਾ ਤੇ ਲੜਖੜਾ ਕੇ ਇਕ ਕੁਰਸੀ 'ਚ ਡਿਗ ਪਿਆ। ਬੋਤਲ ਮੈਂ ਉਹਦੇ ਹੱਥੋਂ ਫੜਕੇ ਮੇਜ਼ 'ਤੇ ਰੱਖ ਦਿੱਤੀ, ਨਹੀਂ ਤਾਂ ਉਹ ਟੁੱਟ ਜਾਂਦੀ। ਉਹਦੀ ਤਾਂ ਬੂੰਦ ਬੂੰਦ ਵੀ ਕੀਮਤੀ ਸੀ !

'ਲਿਆ, ਗਲਾਸ ਲਿਆ !' ਉਹਨੇ ਤਲਖ਼ੀ ਨਾਲ ਕਿਹਾ। ਪਰ ਮੈਂ ਉਹਦੇ ਸਾਹ-ਮਣੇ ਹੈਰਾਨੀ ਨਾਲ ਬੈਠਾ ਰਿਹਾ। ਉਹਦਾ ਚਿਹਰਾ ਵਿਕਰਿਤ ਹੋ ਗਿਆ ਸੀ। ਅੱਖਾਂ ਕਦੀ ਖੁੱਲ੍ਹਦੀਆਂ ਤੇ ਕਦੀ ਬੰਦ ਹੁੰਦੀਆਂ। ਜਿਵੇਂ ਉਹ ਕੁਝ ਪ੍ਰਗਟ ਕਰ ਰਹੀਆਂ ਹੋਣ, ਜਾਂ ਲੁਕਾ ਰਹੀਆਂ ਹੋਣ।

ਸ਼ੇਖਰ ਅਕਸਰ ਮੇਰੇ ਕੋਲ ਆਉਂਦਾ ਸੀ, ਪਰ ਉਹ ਪਹਿਲਾਂ ਇਸ ਤਰ੍ਹਾਂ ਲੋਰ 'ਚ ਕਦੀ ਨਹੀਂ ਸੀ ਆਇਆ। ਹੁਣ ਉਹਦੇ ਕੱਪੜੇ ਉੱਘੜ ਦੁੱਗੜ ਸਨ, ਤੇ ਵਾਲ ਵਿਖਰੇ ਹੋਏ। ਉਹਦੇ ਚਿਹਰੇ ਤੇ ਵੀਰਾਨੀ ਦੀ ਕਾਲਖ ਲਿੱਪੀ ਹੋਈ ਨਜ਼ਰ ਆ ਰਹੀ ਸੀ। ਜਿਵੇਂ ਉਹ ਕਿਸੇ ਦਲਦਲ ਵਿੱਚੀਂ ਆਇਆ ਹੋਵੇ।

'ਲਿਆ, ਗਲਾਸ ਲਿਆ !' ਉਹਨੇ ਫੇਰ ਜ਼ੋਰ ਨਾਲ ਕਿਹਾ, ਬਲਕਿ ਪੂਰੇ ਅਧਿਕਾਰ ਨਾਲ।

'ਪਰ ਅੱਜ ਤੈਨੂੰ ਹੋ ਕੀ ਗਿਆ ?'

'ਦੱਸਾਂਗਾ, ਪਹਿਲਾਂ ਨਸ਼ਾ ਪੀ ਲਵਾਂ !'

'ਅੱਧੀ ਬੋਤਲ ਪੀ ਕੇ ਨਸ਼ਾ ਨਹੀਂ ਹੋਇਆ ?'

'ਅੱਧੀ ਬੋਤਲ ਮੈਂ ਕੱਲੇ ਨੇ ਨਹੀਂ ਪੀਤੀ !' ਫੇਰ ਉਹ ਹੱਸ ਪਿਆ—'ਕਈ ਲੋਕ ਸਨ......ਜਿਨ੍ਹਾਂ ਵਿਚ ਮਹਿਕਮੇ ਦਾ ਡਿਪਟੀ ਮਨਿਸਟਰ ਵੀ ਸੀ !



'ਦਾਰੂ ਪੀਣ ਵਾਲਿਆਂ ਵਿਚ ?' ਮੈਂ ਪਰੇਸ਼ਾਨੀ ਨਾਲ ਪੁੱਛਿਆ। ਉਹਨੇ ਠਰੰਮ ਨਾਲ ਕਿਹਾ—'ਹਾਂ, ਬਿਲਕੁਲ ਹਕੀਕਤ ਐ !' ਅਤੇ ਉਹਨੇ ਮੇਜ਼ ਤੇ ਆਪਣਾ ਸਿਰ ਸੁੱਟ ਦਿੱਤਾ, ਜਿਵੇਂ ਡਾਢਾ ਥੱਕ ਟੁੱਟ ਗਿਆ ਹੋਵੇ। ਬਾਹਰ ਰਾਤ ਡੁੱਬ ਰਹੀ ਸੀ, ਤੇ ਵੀਰਾਨੀ ਛਾ ਰਹੀ ਸੀ। ਮੇਰੇ ਕਮਰੇ ਅੰਦਰ ਵੀ ਉਹ ਬਾਹਰਲੀ ਵੀਰਾਨੀ ਨੂੰ ਲੈ ਆਇਆ ਸੀ।

'ਪਰ ਗੱਲ ਕੀ ਹੋ ਗਈ ਐ ?' ਮੈਂ ਫੇਰ ਪੁਛਿਆ ਤਾਂ ਉਹਨੇ ਇਸ਼ਾਰੇ ਨਾਲ ਹੀ ਕਿਹਾ—'ਪਹਿਲਾਂ ਗਲਾਸ ਲੈ ਕੇ ਆ, ਫੇਰ ਬੋਲ ਸਕਾਂਗਾ ਦਾਰੂ ਤੋਂ ਬਗੈਰ ਨਹੀਂ।'

ਮੈਂ ਗਲਾਸ ਲੈ ਕੇ ਆਇਆ ਤਾਂ ਉਹਨੇ ਨੀਟ ਹੀ ਦੋ ਪੈਗ ਅੰਦਰ ਸੁੱਟ ਲਏ।

'ਪਾਣੀ ਦੀ ਲੋੜ ਨਹੀਂ ? ਮੈਂ ਪੁੱਛਿਆ ਤਾਂ ਉਹ ਤਲਖ਼ੀ ਨਾਲ ਬੋਲਿਆ—'ਜੇ ਇਹ ਬਿਨਾਂ ਪਾਣੀ ਤੋਂ ਹੀ ਨਸ਼ਾ ਦੇ ਦੇਵੇ ਤਾਂ ਗਨੀਮਤ ਹੈ !'

'ਫੇਰ ਗਲਾਸਾਂ ਦੀ ਕੀ ਲੋੜ ਸੀ ?'

'ਗਲਾਸ ਤੋਂ ਬਗੈਰ ਤਾਂ ਸੜਕ ਤੇ ਵੀ ਪੀ ਸਕਦਾ ਸਾਂ।'

'ਫੇਰ ਪੀ ਲੈਂਦਾ......'

'ਹਾਲੇ ਮੈਂ ਏਨਾ ਬਦਤਮੀਜ਼ ਨਹੀਂ ਹੋਇਆ !'

ਮੈਨੂੰ ਹਾਸਾ ਆ ਗਿਆ ਪਰ ਮੈਂ ਕੁਝ ਕਿਹਾ ਨਹੀਂ। ਅਜ ਕਲ੍ਹ ਬੱਚੇ ਪਿੰਡ ਗਏ ਹੋਏ ਸਨ, ਤੇ ਮੈਂ ਘਰ 'ਚ ਇਕੱਲਾ ਹੀ ਸਾਂ। ਇਸ ਲਈ ਸ਼ੇਖਰ ਹਰ ਤਰ੍ਹਾਂ ਦੀ ਖੁਲ੍ਹ ਲੈ ਸਕਦਾ ਸੀ। ਬੀਵੀ ਘਰ ਹੁੰਦੀ ਤਾਂ ਉਹ ਇਥੋਂ ਬੋਤਲ ਵੀ ਨਹੀਂ ਸੀ ਲਿਆ ਸਕਦਾ। ਉਹ ਕੁਪੱਤ ਸ਼ੁਰੂ ਕਰ ਦਿੰਦੀ ਸੀ। ਫੇਰ ਰੋਂਦੀ ਵੀ ਸੀ। ਮੈਂ ਉਹਦੇ ਕੁਪੱਤ ਤੋਂ ਘੱਟ ਅਤੇ ਰੋਣ ਤੋਂ ਬਹੁਤਾ ਤ੍ਰਹਿੰਦਾ ਸਾਂ।

'ਅੱਜ ਦਾ ਦਿਨ ਬੜਾ ਦਿਲਚਸਪ ਗੁਜ਼ਰਿਆ।' ਸ਼ੇਖਰ ਨੇ ਕੁਝ ਸਹਿਜ ਹੋ ਕੇ ਕਿਹਾ—'ਅਜ ਅਜੀਬ ਦਿਨ ਸੀ ਇਹ ਵੀ......'

'ਤਾਂ ਕੀ ਸਵੇਰ ਤੋਂ ਹੀ ਦੌਰ ਚਲ ਰਿਹੈ ?' ਮੇਰੀਆਂ ਨਜ਼ਰਾਂ ਨੇ ਸਵਾਲ ਕੀਤਾ ਤਾਂ ਉਹਨੇ ਗੰਭੀਰ ਹੋ ਕੇ ਕਿਹਾ—'ਨਹੀਂ, ਦੌਰ ਨਹੀਂ !' ਉਹ ਕੁਝ ਸੁਚੇਤ ਹੋ ਕੇ ਬਹਿ ਗਿਆ—'ਅੱਜ, ਆਬਕਾਰੀ ਦਾ ਡਿਪਟੀ ਮਨਿਸਟਰ ਸਾਡੇ ਦਫਤਰ ਆਇਆ ਸੀ।

'ਦਾਰੂ ਦੀ ਮਹਿਫਲ ਲਈ ?' ਮੈਂ ਮੁਸਕਰਾ ਕੇ ਪੁੱਛਿਆ।

'ਨਹੀਂ।' ਸ਼ੇਖਰ ਨੇ ਜ਼ੋਰਦਾਰ ਕਹਿਕਹਾ ਲਾ ਕੇ ਕਿਹਾ—

'ਇਹ ਹਿਦਾਇਤ ਕਰਨ ਲਈ ਕਿ ਨਸ਼ਾਬੰਦੀ ਨੂੰ ਪੂਰੀ ਤਰ੍ਹਾਂ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ.........'

'ਮਨਿਸਟਰ ਕਹਿ ਰਿਹਾ ਸੀ ?' ਮੈਂ ਹੱਸਕੇ ਪੁਛਿਆ।

ਉਹਨੇ ਵੀ ਹੱਸਕੇ ਕਿਹਾ—'ਹਾਂ, ਅਤੇ ਉਹਨੇ ਇਹ ਵੀ ਕਿਹਾ ਕਿ ਸਾਡਾ ਆਬ-

ਕਾਰੀ ਦਾ ਮਹਿਕਮਾ ਕੋਈ ਠੋਸ ਕੰਮ ਨਹੀਂ ਕਰ ਰਿਹਾ......ਅਤੇ ਹੋਰ ਵੀ ਬੜਾ ਕੁਝ......'

'ਕੀ ਉਹਨੇ ਕਰਮਚਾਰੀਆਂ ਨੂੰ ਲੈਕਚਰ ਵੀ ਦਿੱਤਾ ?'

'ਹਾਂ, ਬੜੇ ਜ਼ੋਰ ਨਾਲ......ਬਹੁਤ ਕੁਝ ਕਿਹਾ ਉਹਨੇ......ਪਰ ਹੁਣ ਨਹੀਂ ਚੇਤੇ ਰਿਹਾ ਕੁਝ......'

ਉਸ ਵੇਲੇ ਮੈਨੂੰ ਖਿਆਲ ਆਇਆ ਕਿ ਦਫਤਰਾਂ ਵਿਚ ਚਲ ਰਹੇ ਪੱਖਿਆਂ ਥੱਲੇ ਸ਼ਾਨਦਾਰ ਮੇਜ਼ ਕੁਰਸੀ ਤੇ ਬਹਿ ਕੇ ਇਹ ਲੋਕ ਜਿਹੜੀਆਂ ਗੱਲਾਂ ਫਾਇਲਾਂ ਵਿਚ ਲਿਖਦੇ ਨੇ, ਉਨ੍ਹਾਂ ਨੂੰ ਠੇਕਿਆਂ ਵਾਲੇ ਕਿੱਥੇ ਸਫਲ ਹੋਣ ਦਿੰਦੇ ਨੇ। ਉਨ੍ਹਾਂ ਦੀਆਂ ਬੋਤਲਾਂ ਦਾ ਨਸ਼ੀਲੀ ਪਾਣੀ ਤਾਂ ਦਫਤਰੀ ਫਾਈਲਾਂ ਨੂੰ ਵੀ ਰੋੜ੍ਹਕੇ ਲੈ ਜਾਂਦਾ ਹੈ।

'ਫੇਰ ?' ਮੈਂ ਉਹਨੂੰ ਉਤਸੁਕਤਾ ਨਾਲ ਪੁਛਿਆ। ਉਹਨੇ ਕਿਹਾ—

'ਬਦਕਿਸਮਤੀ ਨਾਲ ਮੈਂ ਵਿਚੋਂ ਬੋਲ ਪਿਆ। ਮੈਂ ਆਬਕਾਰੀ ਦਾ ਦਰੋਗਾ ਜੁ ਹਾਂ !'

'ਹੋਇਆ ਕੀ ਫੇਰ ?' ਮੇਰੀ ਉਤਸੁਕਤਾ ਖਾਹਮਖਾਹ ਵਧ ਰਹੀ ਸੀ।

'ਹੋਣਾ ਕੀ ਸੀ ?' ਸ਼ੇਖਰ ਨੇ ਇਕ ਉਦਾਸੀਨ ਵਿਅਕਤੀ ਵਾਂਗ ਕਿਹਾ—'ਮੈਂ ਕਿਹਾ, ਮਨਿਸਟਰ ਸਾਹਿਬ ! ਮੇਰਾ ਤਾਂ ਖਿਆਲ ਐ, ਸਰਕਾਰ ਦੇਸ਼ ਵਿਚ ਨਸ਼ਾਬੰਦੀ ਲਾਗੂ ਕਰਨ ਦੇ ਹੱਕ ਵਿਚ ਹੀ ਨਹੀਂ।'

'ਇਹ 'ਕਿਵੇਂ' ਹੋ ਸਕਦੈ ?' ਮਨਿਸਟਰ ਸਾਹਿਬ ਨੇ ਮੈਨੂੰ ਲਲਕਾਰਿਆ, ਤਾਂ ਮੈਂ ਕਿਹਾ—'ਮਨਿਸਟਰ ਸਾਹਿਬ ! ਅਜ ਡਰਾਈ-ਡੇ ਹੈ ਨਾ ! ਅਜ ਸਰਕਾਰ ਦੇ ਹੁਕਮ ਮੁਤਾਬਕ ਕਿਤਿਉਂ ਦਾਰੂ ਨਹੀਂ ਮਿਲ ਸਕਦਾ !'

'ਬਿਲਕੁਲ ਨਹੀਂ' ਮਨਿਸਟਰ ਨੇ ਪੂਰੇ ਵਿਸ਼ਵਾਸ ਨਾਲ ਕਿਹਾ। ਪਰ ਜਦੋਂ ਦਫਤਰ ਦੇ ਸਾਰੇ ਹੀ ਲੋਕ ਇਸ ਗੱਲ ਤੇ ਹੱਸ ਪਏ ਤਾਂ ਮਨਿਸਟਰ ਘਬਰਾ ਗਿਆ। ਕਹਿਣ ਲੱਗਾ—'ਇਹ ਆਬਕਾਰੀ ਦਾ ਦਰੋਗਾ ਕਹਿਣਾ ਕੀ ਚਾਹੁੰਦੈ ?'

ਮੈਂ ਨਿਮਰਤਾ ਨਾਲ ਹੱਥ ਜੋੜ ਕੇ ਕਿਹਾ—'ਸਰ, ਮੈਂ ਇਹੋ ਹੀ ਕਹਿਣਾ ਚਾਹੁੰਦਾ ਸਾਂ ਕਿ ਅਜ ਵੀ ਲੋਕ ਦਾਰੂ ਪੀ ਰਹੇ ਨੇ।'

'ਉਨ੍ਹਾਂ ਨੂੰ ਕਿਥੋਂ ਮਿਲਦਾ ਦਾਰੂ ?' ਮਨਿਸਟਰ ਨੇ ਰੋਹ ਨਾਲ ਪੁੱਛਿਆ।

'ਦਾਰੂ ਦੀਆਂ ਦੁਕਾਨਾਂ ਤੋਂ।'

'ਪਰ ਦੁਕਾਨਾਂ ਤਾਂ ਬੰਦ ਨੇ।'

'ਫੇਰ ਵੀ ਖੁਲ੍ਹੀਆਂ ਨੇ......ਪਿਛਲੇ ਦਰਵਾਜਿਆਂ ਵਲੋਂ। ਪਿਛਲੇ ਦਰਵਾਜ਼ੇ ਕਦੀ ਨਹੀਂ ਬੰਦ ਹੁੰਦੇ !'

ਮੈਂ ਸ਼ੇਖਰ ਨੂੰ ਟੋਕਿਆ—'ਤੂੰ ਇਹ ਗੱਲ ਕਹੀ ਸੀ ਮਨਿਸਟਰ ਨੂੰ ?'



ਹਾਂ, ਬਿਲਕੁਲ ! ਸ਼ੇਖਰ ਨੇ ਜ਼ੋਰ ਨਾਲ ਕਿਹਾ।

ਉਸ ਵੇਲੇ ਮੈਨੂੰ ਖਿਆਲ ਆਇਆ ਕਿ ਉਹ ਬੜੇ ਸੰਘਰਸ਼ ਮਗਰੋਂ ਦਫਤਰ ਵਿਚ ਨੌਕਰੀ ਪ੍ਰਾਪਤ ਕਰ ਸਕਿਆ ਸੀ। ਉਹਦੇ 'ਚ ਜਰੂਰ ਹੀ ਸੰਘਰਸ਼ਸ਼ੀਲ ਹੋਣ ਦਾ ਗੌਰਵ ਕਾਇਮ ਹੋਵੇਗਾ। ਵੈਸੇ ਵੀ ਉਹ ਇਕ ਸਾਧਾਰਨ ਘਰ ਦਾ ਜੰਮਪਲ ਸੀ, ਤੇ ਮੈਂ ਸੋਚ ਰਿਹਾ ਸਾਂ ਕਿ ਇਹੋ ਲੋਕ ਹੀ ਡਰੇ ਰਹਿ ਸਕਦੇ ਹਨ, ਪਰ ਜੇਕਰ ਉਨ੍ਹਾਂ ਨੂੰ ਮਧਵਰਗੀ ਜੀਵਨ ਦੇ ਸੁੱਖਾਂ ਦਾ ਪ੍ਰਲੋਭਨ ਨਾ ਭਰਮਾ ਲਵੇ।

ਮੈਂ ਪੁਛਿਆ—'ਸ਼ੇਖਰ, ਫੇਰ ਮਨਿਸਟਰ ਨੇ ਕੀ ਕਿਹਾ ?'

'ਸੁਣ !' ਉਹਨੇ ਕਿਹਾ—

'ਕੀ ਸ਼ਰਾਬ ਦੀਆਂ ਦੁਕਾਨਾਂ 'ਚ ਵੀ ਪਿਛਲੇ ਦਰਵਾਜ਼ੇ ਹੁੰਦੇ ਨੇ ?' ਮਨਿਸਟਰ ਨੇ ਹੈਰਾਨੀ ਨਾਲ ਪੁਛਿਆ ਤਾਂ ਮੈਨੂੰ ਕਹਿਣਾ ਪਿਆ—'ਕੀ ਤੁਹਾਨੂੰ ਨਹੀਂ ਪਤਾ ਮਨਿਸਟਰ ਸਾਹਿਬ ?'

'ਨਹੀਂ' ਉਹਨੇ ਕਿਹਾ ਤਾਂ ਮੈਂ ਕਹਿ ਬੈਠਾ—'ਫੇਰ ਅਜ ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਦਿਖਾਵਾਂਗਾ ਪਿਛਲੇ ਦਰਵਾਜ਼ੇ......'

ਪਲਭਰ ਰੁਕ ਕੇ ਸ਼ੇਖਰ ਫੇਰ ਬੋਲਿਆ—'ਮੇਰੀ ਗੱਲ ਕਾਫੀ ਹੱਦ ਤਕ ਗੁਸਤਾਖ਼ੀ ਭਰੀ ਸੀ......ਪਰ......'

'ਮੈਨੂੰ ਸਵੀਕਾਰ ਹੈ !' ਮਨਿਸਟਰ ਨੇ ਕਿਹਾ ਅਤੇ ਅਸੀਂ ਰਾਤ ਦਾ ਵੇਲਾ ਤਹਿ ਕਰ ਲਿਆ, ਜਦੋਂ ਕਿ ਮੈਂ ਉਹਨੂੰ ਦਾਰੂ ਵਿਕਦਾ ਵਿਖਾਣਾ ਸੀ, ਸ਼ਹਿਰ ਭਰ 'ਚ ਘੁੰਮਕੇ ......'

ਮੈਂ ਉਹਨੂੰ ਉਤੇਜਨਾ ਨਾਲ ਘੂਰਿਆ। ਉਹਨੇ ਫੇਰ ਕਿਹਾ—

'ਇਹ ਸਰਕਾਰ ਲਈ ਵੀ ਚੁਨੌਤੀ ਸੀ, ਅਤੇ ਮੇਰੇ ਲਈ ਵੀ......'

'ਪਰ ਇਹ ਕੋਈ ਜ਼ਿੰਦਗੀ ਦਾ ਵੱਡਾ ਮਸਲਾ ਨਹੀਂ ਸ਼ੇਖਰ।' ਮੈਂ ਕਿਹਾ—'ਹੋਰ ਵੱਡੇ ਮਸਲਿਆਂ ਬਾਰੇ ਸਰਕਾਰ ਕਿਉਂ ਨਹੀਂ ਸੋਚਦੀ ?'

ਉਸ ਵੇਲੇ ਮੈਂ ਕਿੰਨੇ ਹੀ ਅਜਿਹੇ ਮਸਲਿਆਂ ਬਾਰੇ ਸੋਚ ਰਿਹਾ ਸਾਂ, ਜਿਹੜੇ ਢਿੱਡ ਦੀ ਭੁੱਖ ਅਤੇ ਆਤਮਾ ਦੀ ਭੁੱਖ ਨਾਲ ਜੁੜੇ ਹੋਏ ਸਨ।

ਸ਼ਾਇਦ ਸ਼ੇਖਰ ਨੇ ਵੀ ਮੇਰੇ ਮਨ ਦੀ ਗੱਲ ਸਮਝ ਲਈ ਹੋਵੇ। ਉਹਨੇ ਮੈਨੂੰ ਇਕ ਭੇਤ ਭਰੀ ਤੱਕਣੀ ਨਾਲ ਘੂਰਿਆ ਅਤੇ ਫੇਰ ਉਹਨੇ ਨਸ਼ੇ ਦੇ ਲੋਰ 'ਚ ਹੀ ਕਹਿਕਹਾ ਲਾ ਕੇ ਕਿਹਾ—'ਜਦੋਂ ਅਸੀਂ ਕਾਲਜ 'ਚ ਪੜ੍ਹਦੇ ਸਾਂ ਤਾਂ ਮੈਂ ਵੀ ਇਵੇਂ ਹੀ ਸੋਚਦਾ ਸਾਂ। ਉਦੋਂ ਬਹੁਤ ਜੋਸ਼ ਸੀ......ਪਰ ਮਸਲਿਆਂ ਦੀ ਸਮਝ ਨਹੀਂ ਸੀ......'

ਉਹਦੀ ਇਸ ਗੱਲ ਨਾਲ ਮੈਨੂੰ ਬਹੁਤ ਤਕਲੀਫ ਹੋਈ—'ਤਾਂ ਕੀ, ਮੈਂ ਹਾਲੇ ਵੀ ਮੁੱਢਿਆਂ-ਖੁੱਡਿਆਂ ਦੇ ਪੱਧਰ ਤੇ ਹੀ ਸੋਚਦਾਂ ?'

'ਨਹੀਂ, ਇਹ ਗੱਲ ਨਹੀਂ। ਮਸਲਾ ਹੋਰ ਹੀ ਹੈ।' ਉਹ ਤਲਖ਼ੀ ਨਾਲ ਹੱਸ ਪਿਆ—'ਬਿਲਕੁਲ ਹੀ ਹੋਰ......'

ਮੈਂ ਘਬਰਾ ਕੇ ਪੁੱਛਿਆ—'ਉਹ ਕੀ ?'

'ਮਸਲਾ ਇਹ ਹੈ ਕਿ ਸਾਡੀ ਕੌਮ ਜੋ ਕੁਝ ਕਹਿੰਦੀ ਐ, ਉਹ ਕਰਦੀ ਨਹੀਂ। ਹਰ ਕੋਈ ਦਾਰੂ ਪੀ ਰਿਹੈ। ਇਥੋਂ ਤਕ ਕਿ ਧਾਰਮਿਕ ਨੇਤਾ ਲੋਕ ਵੀ, ਪਰ ਕੋਈ ਵੀ ਇਸ ਹਕੀਕਤ ਨੂੰ ਸਵੀਕਾਰ ਨਹੀਂ ਕਰਦਾ। ਕੋਈ ਵੀ ਲਲਕਾਰ ਕੇ, ਨਹੀਂ ਕਹਿੰਦਾ ਕਿ ਉਹ ਹੋਸ਼ ਗੁਆ ਚੁਕਿਐ ਨਸ਼ੱਈ ਐ।

'ਪਰ ਸਾਡੀ ਨੈਤਿਕਤਾ 'ਚ ਦਾਰੂ ਪੀਣਾ ਚੰਗਾ ਨਹੀਂ ਸਮਝਿਆ ਜਾਂਦਾ !'

'ਫੇਰ ਵੀ ਹਰ ਕੋਈ ਪੀ ਰਿਹੈ। ਬਲਕਿ ਤੂੰ ਪੁੱਛ ਕੌਣ ਨਹੀਂ ਪੀ ਰਿਹਾ ?' ਸ਼ੇਖਰ ਨੇ ਜ਼ੋਰ ਨਾਲ ਕਹਿਕਹਾ ਲਾ ਕੇ ਕਿਹਾ—

'ਇਸ ਦੇਸ਼ ਵਿਚ ਸ਼ਾਇਦ ਹੀ ਕੋਈ ਬਦਕਿਸਮਤ ਹੋਵੇਗਾ ਜਿਹੜਾ ਦਾਰੂ ਨਹੀਂ ਪੀਂਦਾ !' ਅਤੇ ਉਹਨੇ ਤਲਖ਼ੀ ਨਾਲ ਬੁੱਲ੍ਹ ਫਰਕਾਏ।

ਮੈਂ ਹੱਸਕੇ ਜਵਾਬ ਦਿੱਤਾ—'ਮੈਂ ਨਹੀਂ ਪੀਂਦਾ'

'ਤੇਰੇ 'ਚ ਪੀਣ ਦੀ ਸਮਰਥਾ ਹੀ ਨਹੀ......ਮਤਲਬ ਹੈ ਕਿ ਤੇਰੇ ਕੋਲ ਪੀਣ ਜੋਗੇ ਪੈਸੇ ਹੀ ਨਹੀ'

'ਤੇ ਜਿਹੜੇ ਪੀਂਦੇ ਨੇ ?' ਮੈਂ ਪੁੱਛਿਆ। ਉਹ ਤਲਖ਼ੀ ਨਾਲ ਹੱਸ ਪਿਆ—'ਉਹ ਲੋਕਾਂ ਦੇ ਸਿਰੋਂ ਪੀਂਦੇ ਨੇ......'

'ਜਿਹੜੇ ਗਰੀਬ ਪੀਂਦੇ ਨੇ ?'

'ਉਹ ਵੀ ਆਪਣੇ ਬੱਚਿਆਂ ਦੇ ਸਿਰੋਂ ਪੀਂਦੇ ਨੇ ! ਸਮਝਿਆ ?'

ਮੈਨੂੰ ਚੇਤੇ ਆਇਆ, ਸਾਡਾ ਗੁਆਂਢੀ ਬਾਬੂ ਜਦੋਂ ਪੀ ਕੇ ਘਰ ਆਉਂਦਾ ਸੀ ਤਾਂ ਉਸਦੀਆਂ ਧੀਆਂ ਕਹਿੰਦੀਆਂ ਸਨ—'ਡੈਡੀ ਦਾਰੂ ਨਹੀਂ, ਸਾਡਾ ਲਹੂ ਪੀ ਰਹੇ ਨੇ'

'ਫੇਰ ਇਹਦਾ ਹੱਲ ਕੀ ਹੈ ?' ਮੈਂ ਕਾਹਲੀ ਨਾਲ ਪੁੱਛਿਆ, ਬਿਨਾ ਕੁਝ ਸੋਚੇ ਸਮਝੇ।

'ਮੈਂ ਨਹੀਂ ਜਾਣਦਾ ! ਸ਼ੇਖਰ ਨੇ ਬੇਪ੍ਰਵਾਹੀ ਨਾਲ ਕਿਹਾ ਤੇ ਉਠ ਕੇ ਫੇਰ ਬੈਠ ਗਿਆ। ਸ਼ਾਇਦ ਉਹ ਜਾਨਣਾ ਚਾਹੁੰਦਾ ਹੋਵੇ ਕਿ ਕੀ ਉਹ ਲੜਖੜਾ ਤਾਂ ਨਹੀਂ ਜਾਵੇਗਾ। ਉਹ ਲੜਖੜਾਣ ਤੋਂ ਬਹੁਤ ਡਰਦਾ ਸੀ। ਫੇਰ ਇਕ ਪਲ ਦੀ ਚੁੱਪ ਮਗਰੋਂ ਉਹਨੇ ਕਿਹਾ—'ਮੈਂ ਫੈਸਲਾ ਕਰ ਲਿਆ ਕਿ ਨੌਕਰੀ ਛੱਡ ਦਿਆਂਗਾ, ਤੇ ਇਸ ਕੰਮ ਲਗ ਜਾਵਾਂਗਾ ਕਿ ਦੇਸ਼ 'ਚ ਪ੍ਰਵਰਤਨ ਕਿਵੇਂ ਆਉਂਦੇ ?'

'ਤੂੰ ਕਾਲਿਜ ਵੇਲੇ ਵੀ ਇਸੇ ਤਰ੍ਹਾਂ ਦੀਆਂ ਗੱਲਾਂ ਕਰਦਾ ਸੈਂ।' ਮੈਂ ਚੇਤਾ ਕਰਾਕੇ ਕਿਹਾ—'ਅਤੇ ਪੂਰੇ ਜੋਸ਼ ਨਾਲ।'

ਜਵਾਬ 'ਚ ਉਹਨੇ ਇਕ ਲੰਮਾ ਹਉਕਾ ਭਰਿਆ—'ਹੁਣ ਤੂੰ ਮੈਨੂੰ ਕਾਲਜ ਦਾ ਵੇਲਾ ਨਾ ਚੇਤੇ ਕਰਾ। ਕਾਲਜ 'ਚ ਜਿਹੜਾ ਜੋਸ਼ ਸੀ, ਉਹਦੇ ਨਾਲ ਲਗਦਾ ਸੀ ਕਿ ਅਸੀਂ



ਲੋਕ ਕੁਝ ਵਰ੍ਹਿਆਂ ਵਿਚ ਹੀ ਦੇਸ਼ ਦੀ ਕਿਸਮਤ ਬਦਲ ਦਿਆਂਗੇ। ਹੇਠਲੀ ਉਪਰ ਲੈ ਆਵਾਂਗੇ, ਅਤੇ ਹਰ ਸੁੰਦਰੀ ਦੇ ਮਸਤਕ 'ਤੇ ਚੰਦ ਤਾਰੇ ਜੜ ਦਿਆਂਗੇ। ਅਤੇ ਦੇਸ਼ ਦੀ ਕਿਸਮਤ ਵੀ......'

'ਤਾਂ ਕੀ ਬਦਲੀ ਨਹੀਂ ਦੇਸ਼ ਦੀ ਕਿਸਮਤ ?'

'ਤੂੰ ਮਖੌਲ ਨਾ ਕਰ !' ਸੇਖਰ ਚੀਕਿਆ—'ਸਭ ਕੁਝ ਹਾਲੇ ਵੀ ਉਵੇਂ ਹੀ ਹੈ। ਸਮਝਦਾ ਏਂ ਕਿ ਨਹੀਂ ?......

ਬਸ, ਸਾਨੂੰ ਕੁਝ ਲੋਕਾਂ ਨੂੰ ਐਸ਼-ਆਰਾਮ ਜੋਗੀਆਂ ਨੌਕਰੀਆਂ ਮਿਲ ਗਈਆਂ ਨੇ......'

'ਕੀ ਤੁਹਾਨੂੰ ਸ਼ਰਾਬ ਪੀਣ ਵਾਲਿਆਂ ਨੂੰ ਇਸ ਹਕੀਕਤ ਦਾ ਪਤਾ ਹੈ ?' ਮੈਂ ਵੀ ਤਲਖ ਹੋ ਗਿਆ ਸਾਂ।

ਉਹ ਬੋਲਿਆ—'ਹੋਰ ਨਹੀਂ ਪਤਾ ?'

'ਫੇਰ ਵੀ ਪੀਂਦੇ ਹੋ ?'

'ਹੋਰ ਕੀ ਕਰੀਏ ? ਦਫਤਰ 'ਚ ਹਰ ਕੋਈ......'

'ਫੇਰ ਅੱਜ ਕੀ ਹੋ ਗਿਐ ?'

'ਮੈਂ ਅੱਜ ਦੇਸ਼ ਦੇ ਢਾਂਚੇ ਨੂੰ ਬਦਲਣ ਦਾ ਫੈਸਲਾ ਕਰ ਲਿਆ। ਤੂੰ ਦੇਖਦਾ ਜਾਵੀਂ !' ਉਹਦੇ ਸ਼ਬਦ ਲੜਖੜਾ ਰਹੇ ਸਨ, ਜਿਵੇਂ ਦਾਰੂ ਦੇ ਪ੍ਰਭਾਵ 'ਚ ਆ ਗਏ ਹੋਣ ! ਮੈਂ ਪੁੱਛਣਾ ਚਾਹੁੰਦਾ ਸਾਂ—'ਕੀ ਦਾਰੂ ਪੀ ਕੇ ਦੇਸ਼ ਦਾ ਢਾਂਚਾ ਬਦਲੋਗੇ ?' ਪਰ ਮੈਂ ਚੁੱਪ ਰਿਹਾ।

ਪਲ ਭਰ ਰੁਕ ਕੇ ਉਹਨੇ ਇਕ ਹਉਕਾ ਭਰਿਆ—'ਮੈਨੂੰ ਸ਼ਾਹੀ ਨੌਕਰੀ ਨੇ ਤਬਾਹ ਕਰ ਦਿੱਤਾ ਸੀ। ਪਰ ਹੁਣ ਮੈਂ ਸੱਚਮੁੱਚ ਹੀ ਫੈਸਲਾ ਕਰ ਲਿਆ ਕਿ ਨੌਕਰੀ ਛਡ ਕੇ ਦੇਸ਼ ਦੇ ਢਾਂਚੇ ਨੂੰ ਬਦਲਣ ਲਈ ਕੰਮ ਕਰਾਂਗਾ !'

'ਤਾਂ ਕੀ ਸਚਮੁਚ ਹੀ......ਤੂੰ ?' ਮੈਂ ਕੁਝ ਪੁਛਦਾ ਪੁਛਦਾ ਰਹਿ ਗਿਆ—'ਇਹ ਬੰਦਾ ਆਪਣੀ ਧੁਨ ਦਾ ਬੜਾ ਪੱਕਾ ਹੈ।' ਮੈਂ ਸੋਚਿਆ। ਉਹਦਾ ਪਿਉ ਬਚਪਨ ਵਿਚ ਹੀ ਮਰ ਗਿਆ ਸੀ, ਤੇ ਉਹਦੀ ਮਾਂ ਨੇ ਲੋਕਾਂ ਦੇ ਘਰੀਂ ਕੰਮ ਕਰਕੇ ਉਹਨੂੰ ਪਾਲਿਆ ਤੇ ਪੜ੍ਹਾਇਆ ਸੀ। ਉਹ ਵਾਰ ਵਾਰ ਮਾਂ ਨੂੰ ਕਹਿੰਦਾ—'ਮੈਂ ਘਰ 'ਚ ਗਰੀਬੀ ਨਹੀਂ ਰਹਿਣ ਦਿਆਂਗਾ !' ਅਤੇ ਉਹਨੇ ਇਹ ਗੱਲ ਸੱਚ ਕਰ ਵਿਖਾਈ ਸੀ।

ਉਸ ਵੇਲੇ ਉਹ ਬਹੁਤ ਹੀ ਗੰਭੀਰ ਪ੍ਰਤੀਤ ਹੋ ਰਿਹਾ ਸੀ। ਉਹਦੇ ਕਹੇ ਜਾ ਰਹੇ ਸ਼ਬਦਾਂ ਵਿਚੋਂ ਵੀ ਸੱਚ ਦੀ ਮਹਿਕ ਫੁੱਟ ਰਹੀ ਸੀ। ਮੈਂ ਹੈਰਾਨ ਰਹਿ ਗਿਆ। ਉਹਨੂੰ ਇਕ ਦਮ ਹੀ ਕਿਵੇਂ ਠੋਕਰ ਲਗ ਗਈ ਸੀ। ਜਿਵੇਂ ਉਹ ਆਪਣੇ ਉੱਤੋਂ ਕੋਈ ਕੁੰਜ ਲਾਹ ਰਿਹਾ ਸੀ।

ਉਸ ਵੇਲੇ ਮੈਨੂੰ ਦੇਸ਼ ਦੀ ਆਜ਼ਾਦੀ ਤੋਂ ਪਹਿਲਾ ਦੇ ਬਹੁਤ ਸਾਰੇ ਨੇਤਾਵਾਂ ਦਾ ਚੇਤਾ

ਆਇਆ, ਜਿਨ੍ਹਾਂ ਨੇ ਦੇਸ਼ ਦੀ ਖਾਤਿਰ ਜ਼ਿੰਦਗੀ ਦੇ ਸੱਭੋ ਹੀ ਸੁੱਖ ਕੁਰਬਾਨ ਕਰ ਦਿਤੇ ਸਨ। ਕੀ ਸ਼ੇਖਰ ਵੀ......?

ਫੇਰ ਕੁਝ ਸੋਚਕੇ ਮੈਂ ਜ਼ੋਰ ਨਾਲ ਕਹਿਕਹਾ ਲਾਇਆ ਤਾਂ ਉਹ ਘਬਰਾ ਗਿਆ। ਫੇਰ ਝਿੜਕ ਕੇ ਬੋਲਿਆ—'ਕੀ ਮੈਂ ਝੂਠ ਬੋਲ ਰਿਹਾਂ ?'

'ਪਤਾ ਨਹੀਂ' ! ਮੈਂ ਮੋਢੇ ਹਿਲਾਕੇ ਜਵਾਬ ਦਿੱਤਾ। ਉਹ ਤਲਖੀ ਨਾਲ ਬੋਲਿਆ—'ਫੇਰ ਤੂੰ ਹੱਸਿਆ ਕਿਉਂ ?'

'ਇਸ ਲਈ ਕਿ ਦੇਸ਼ ਦਾ ਹਰ ਨੌਜਵਾਨ ਦਾਰੂ ਪੀ ਕੇ ਹੀ ਇਨਕਲਾਬ ਦੀ ਗੱਲ ਕਰਦੈ !'

'ਦਾਰੂ ਪੀਣ ਨਾਲ ਖੂਨ 'ਚ ਗਰਮੀ ਪੈਦਾ ਹੋ ਜਾਂਦੀ ਹੈ ਨਾ......'

ਤਾਂ ਕੀ ਨੌਜਵਾਨਾਂ 'ਚ ਵੈਸੇ ਜੋਸ਼ ਨਹੀਂ ਰਿਹਾ ?'

'ਪਤਾ ਨਹੀ।'

'ਤੇਰੇ ਵਰਗੇ ਲੋਕ ਦਾਰੂ ਪੀ ਕੇ ਇਨਕਲਾਬ ਦੀਆਂ ਗੱਲਾਂ ਕਰਦੇ ਨੇ ਨਾ......'

ਸ਼ੇਖਰ ਨੇ ਮੈਨੂੰ ਘੂਰ ਕੇ ਵੇਖਿਆ ਕਿ ਮੈਂ ਉਹਨੂੰ ਮਖੌਲ ਤਾਂ ਨਹੀਂ ਸਾਂ ਕਰ ਰਿਹਾ। ਮੈਂ ਉਹਨੂੰ ਮਖੌਲ ਕਿਥੇ ਕਰ ਰਿਹਾ ਸਾਂ। ਪਰ ਫੇਰ ਵੀ ਉਹਦੀ ਸ਼ੰਕਾ ਦੂਰ ਨਾ ਹੋਈ !

ਤਨਾਉ ਦੀ ਸਥਿਤੀ ਨੂੰ ਖ਼ਤਮ ਕਰਨ ਲਈ ਮੈਂ ਉਹਨੂੰ ਫੇਰ ਮਨਿਸਟਰ ਦੇ ਪ੍ਰਸੰਗ ਦਾ ਚੇਤਾ ਕਰਵਾਇਆ, ਤਾਂ ਉਹਨੇ ਸੌਖਾ ਸਾਹ ਲੈ ਕੇ ਕਿਹਾ—'ਹਾਂ, ਮੈਂ ਤਾਂ ਦੱਸਣਾ ਭੁੱਲ ਹੀ ਗਿਆ......'

ਉਹਨੇ ਸਾਹ ਲਿਆ ਤੇ ਦੂਰ ਤਕ ਘੂਰਿਆ—'ਡੁਬਦੀ ਸ਼ਾਮ ਵੇਲੇ ਅਸੀਂ ਮਾਮੂਲੀ ਜਿਹਾ ਭੇਸ ਬਦਲ ਕੇ ਟੁਰੇ, ਅਤੇ ਮੈਂ ਉਹਨੂੰ ਬਾਜ਼ਾਰ ਦੇ ਪਿਛਲੇ ਪਾਸੇ ਉਨ੍ਹਾਂ ਹਨੇਰੀਆਂ ਗਲੀਆਂ ਵਿਚ ਲੈ ਗਿਆ ਜਿਧਰ ਢਾਬਿਆਂ 'ਤੇ ਬੈਠਕੇ ਲੋਕ ਰਾਤ ਵੇਲੇ ਦਾਰੂ ਪੀਂਦੇ ਨੇ।'

'ਰੁਮਾਂਸ ਭਰੀ ਕਹਾਣੀ ਸੁਣਾ ਰਿਹਾ ਹੈ !' ਮੈਂ ਸੋਚਿਆ। ਪਰ ਉਹਨੂੰ ਕਿਹਾ—'ਮਨਿਸਟਰ ਚਲਾ ਗਿਆ ਤੇਰੇ ਨਾਲ ?'

'ਹਾਂ, ਚਲ ਪਿਆ !'

'ਅਜੀਬ ਗੱਲ ਐ !'

'ਮਨਿਸਟਰ ਵੀ ਤਾਂ ਇਨਸਾਨ ਹੀ ਹੁੰਦੇ ਨੇ !' ਉਹਨੇ ਹੱਸਕੇ ਕਿਹਾ—'ਬਸ ਸਾਡਾ ਇਹੋ ਹੀ ਵਾਅਦਾ ਸੀ ਕਿ ਉਹਨੂੰ ਢਾਬੇ ਤੇ ਬਹਿਕੇ ਆਮ ਲੋਕਾਂ ਨਾਲ ਦਾਰੂ ਪੀਣਾ ਪਵੇਗਾ......'

'ਫੇਰ ਉਹਨੇ ਪੀ ਲਿਆ ?'

'ਲੋਕਾਂ ਤੋਂ ਲੁਕ ਕੇ ਵੀ ਤਾਂ ਪੀਂਦੇ ਹੀ ਨੇ ਇਹ ਲੋਕ ! ਉਥੇ ਪੀਣ 'ਚ ਕੀ ਬੁਰਾਈ ਸੀ ?'



'ਲੋਕਾਂ 'ਚ ਪੀਤਾ ਉਹਨੇ ਕਿ ਨਹੀਂ ?'

'ਉਹਦਾ ਖਿਆਲ ਸੀ ਕਿ ਡਰਾਈ-ਡੇ ਨੂੰ ਦਾਰੂ ਕੌਣ ਪੀ ਰਿਹਾ ਹੋਵੇਗਾ ? ਪਰ ਉਹਨੂੰ ਜਦੋਂ ਹਰ ਕਿਸੇ ਨੇ ਘੁੱਟ-ਘੁੱਟ ਪੀਣ ਲਈ ਕਿਹਾ ਤਾਂ ਉਹ ਘਬਰਾ ਗਿਆ......'

'ਦਾਰੂ ਤੋਂ ਕਿ ਆਮ ਲੋਕਾਂ ਤੋਂ ?'

'ਸਭ ਕੁਝ ਤੋਂ !' ਸ਼ੇਖਰ ਨੇ ਬੋਤਲ ਦਾ ਬਾਕੀ ਦਾਰੂ ਬੋਤਲ ਨੂੰ ਮੂੰਹ ਲਾ ਕੇ ਹੀ ਅੰਦਰ ਸੁੱਟ ਲਿਆ ਤਾਂ ਮੈਂ ਉਹਦੀ ਬਾਂਹ ਫੜ ਲਈ—'ਇਹ ਤੈਨੂੰ ਤੰਗ ਕਰੇਗਾ, ਬੜਾ ਜ਼ਾਲਮ ਐ !'

'ਪਰ ਪਤਾ ਨਹੀਂ ਅਸਲੀ ਹੈ ਵੀ ਕਿ ਨਹੀ।'

'ਪਰ ਫੇਰ ਹੋਇਆ ਕੀ ?' ਮੈਂ ਉਹਨੂੰ ਫੇਰ ਅਸਲੀ ਮੰਤਵ ਦਾ ਚੇਤਾ ਕਰਾਇਆ।

ਉਹ ਬੋਲਿਆ—'ਹੋਣਾ ਕੀ ਸੀ ! ਮਨਿਸਟਰ ਨੇ ਭਾਵੇਂ ਭੇਸ ਬਦਲਿਆ ਹੋਇਆ ਸੀ ਪਰ ਉਹ ਮੇਰੇ ਨਾਲ ਖ਼ਫ਼ਾ ਹੋ ਗਿਆ। ਕਿਉਂਕਿ ਮੇਰੇ ਮੁਤਾਬਕ, ਇਹ ਉਹਦੇ ਲਈ ਬੜੀ ਵੱਡੀ ਚੁਨੌਤੀ ਸੀ ਕਿ ਲੋਕ ਦਾਰੂ ਪੀ ਰਹੇ ਸਨ......। ਅਫੀਮ ਤੇ ਸਮੈਕ ਦਾ ਵੀ ਨਸ਼ਾ ਕਰ ਰਹੇ ਸਨ। ਐਹ ਕਈ ਕਿਸਮ ਦੇ ਕੈਪਸੂਲ ਵੀ ਉਨ੍ਹਾਂ ਲੋਕਾਂ ਕੋਲ ਸਨ......'

ਮੈਂ ਕਿਹਾ—'ਸ਼ਾਮ ਵੇਲੇ ਦਾਰੂ ਪੀ ਕੇ ਬੱਸਾਂ 'ਚ ਲੜਨ ਵਾਲਿਆਂ ਨੂੰ ਨਹੀਂ ਵੇਖਦਾ ਉਹ ?'

'ਉਹ ਬੱਸਾਂ 'ਚ ਸਫਰ ਨਹੀਂ ਕਰਦਾ !' ਸ਼ੇਖਰ ਤਲਖ਼ ਹੋ ਗਿਆ—'ਉਹਨੇ ਕਿਹਾ ਇਹ ਸਭ ਕੁਝ ਸਾਡੀ ਸ਼ਹਿ ਤੇ ਹੀ ਹੋ ਰਿਹਾ ਹੈ। ਅਸੀਂ ਕੁਰੱਪਟ ਹੋ ਗਏ ਹਾਂ, ਤਦੇ ਹੀ ਲੋਕ ਵੀ ! ਇਸ ਗੱਲ ਤੇ ਸਾਡੀ ਕਾਫੀ ਤਕਰਾਰ ਹੋਈ ਤੇ ਮੈਂ ਉਹਨੂੰ ਕਾਫੀ ਤਲਖੀ ਨਾਲ ਝਾੜਿਆ !'

'ਵਾਹਵਾ !' ਮੈਂ ਹੱਸਕੇ ਕਿਹਾ—ਇਨਕਲਾਬ......'

'ਹਾਂ, ਤੇ ਇਹਦਾ ਹੱਲ ਇਹੋ ਹੀ ਹੈ ਕਿ ਕਿਸੇ ਇਕ ਬੰਦੇ ਨਾਲ ਲੜਨ ਦਾ ਲਾਭ ਨਹੀਂ, ਕਿਉਂ ਨਾ ਢਾਂਚਾ ਹੀ ਬਦਲਿਆ ਜਾਵੇ !' ਉਹਨੇ ਅੱਖਾਂ 'ਚ ਸੁਪਨੇ ਭਰਕੇ ਕਿਹਾ।

ਮੈਂ ਪੁੱਛਿਆ—'ਇਹ ਔਖਾ ਕੰਮ ਨਹੀਂ ?'

'ਤਾਂ ਵੀ ਇਹੋ ਹੀ ਸਹੀ ਕੰਮ ਹੈ !' ਉਹਨੇ ਬੜੀ ਦ੍ਰਿੜਤਾ ਨਾਲ ਜਵਾਬ ਦਿੱਤਾ।

ਮੈਂ ਫੇਰ ਪੁੱਛਿਆ—'ਇਸ ਫੈਸਲੇ ਦੀ ਤਹਿ ਵਿਚ ਕੋਈ ਹੋਰ ਗੱਲ ਤਾਂ ਨਹੀਂ ?'

'ਤੂੰ ਸਭ ਕੁਝ ਹੀ ਪੁਛ ਕੇ ਰਹੇਂਗਾ ?'

'ਜੇ ਤੂੰ ਦਸਣਾ ਚਾਹਵੇਂ।'

'ਮੈਂ ਤਾਂ ਦੱਸ ਕੇ ਹੌਲਾ ਹੋਣਾ ਚਾਹੁੰਦਾ !'

'ਤਦ ਜ਼ਰੂਰ ਦਸ !'

ਉਹ ਬਹੁਤ ਹੀ ਉਦਾਸ ਹੋ ਗਿਆ।

ਇਸ ਤੋਂ ਮਗਰੋਂ ਸ਼ੇਖਰ ਨੇ ਢਾਬਿਆਂ ਤੇ ਬਹਿਕੇ ਦਾਰੂ ਪੀਣ ਵਾਲੇ ਉਨ੍ਹਾਂ ਗਰੀਬੜੇ

ਲੋਕਾਂ ਬਾਰੇ ਵੀ ਦੱਸਿਆ, ਜਿਹੜੇ ਦਿਨ ਭਰ ਦੀ ਤਲਖ਼ੀ ਦੀਆਂ ਜ਼ਲਾਲਤਾਂ ਨੂੰ ਦੂਰ ਕਰਨ ਵਾਸਤੇ ਦਾਰੂ ਪੀਂਦੇ ਸਨ। ਫੇਰ ਉਹਨੇ ਕਿਹਾ—'ਉਥੇ ਇਕ ਅਜਿਹੀ ਮੁਟਿਆਰ ਵੀ ਦਾਰੂ ਪੀ ਰਹੀ ਸੀ ਜਿਸਦੇ ਸਰੀਰ ਦੇ ਸੱਭੇ ਹੀ ਕੱਪੜੇ ਫਟੇ ਹੋਏ ਸਨ, ਅਤੇ ਉਹਦੇ ਸੱਭੇ ਹੀ ਅੰਗ ਜਿਵੇਂ ਨੁਮਾਇਸ਼ ਕਰ ਰਹੇ ਹੋਣ। ਸਮਝ ਗਿਆ, ਨੁਮਾਇਸ਼ ?'

ਮੈਂ ਘਬਰਾ ਕੇ ਪੁੱਛਿਆ—'ਉਹ ਦਾਰੂ ਕਿਥੋਂ ਪੀ ਰਹੀ ਸੀ ?'

'ਲੋਕਾਂ ਦੀ ਗੋਦ ਵਿਚ ਬਹਿਕੇ, ਉਨ੍ਹਾਂ ਦੇ ਪੈਗਾਂ ਨਾਲ ਮੂੰਹ ਲਾ ਕੇ !'

'ਤਬਾਹਕੁੰਨ !'

'ਹਾਂ !' ਸ਼ੇਖਰ ਬੋਲਿਆ—'ਤੇ ਮੇਰਾ ਕਾਲਜਾ ਹੀ ਜਿਵੇਂ ਫਟ ਗਿਆ ਹੋਵੇ !'

ਮੈਂ ਫੇਰ ਪੁੱਛਿਆ—'ਕੀ ਉਥੇ ਕੈਬਰੇ ਹੋ ਰਿਹਾ ਸੀ ?'

'ਨਹੀਂ !' ਸ਼ੇਖਰ ਨੇ ਉਸ ਦ੍ਰਿਸ਼ ਨੂੰ ਚੇਤੇ ਕਰਕੇ ਕਿਹਾ—

'ਪਰ ਉਹ ਬਿਨਾਂ ਟਿਕਟ ਦਾ ਕੈਬਰੇ ਸੀ।'

'ਮੈਂ ਉਸ ਦ੍ਰਿਸ਼ ਨੂੰ ਆਪਣੀਆਂ ਅੱਖਾਂ ਸਾਹਮਣੇ ਲਿਆਉਣ ਦਾ ਜਤਨ ਕੀਤਾ। ਫੇਰ ਮੈਂ ਸੋਚਿਆ—'ਕੀ ਮੈਂ ਉਨ੍ਹਾਂ ਸਰਾਪੇ ਲੋਕਾਂ ਨੂੰ ਬਰਦਾਸ਼ਤ ਕਰ ਸਕਾਂਗਾ ?' ਪਰ ਮੈਨੂੰ ਕੋਈ ਜਵਾਬ ਨਾ ਸੁੱਝਾ। ਹਾਂ, ਇਹ ਗੱਲ ਨਿਸਚਿਤ ਸੀ ਕਿ ਨਵੀਂ ਪੀੜ੍ਹੀ ਦੇ ਲੋਕ ਦਿਨੋ-ਦਿਨ ਨਸ਼ਿਆਂ ਵੱਲ ਵਧੇਰੇ ਰੁਚਿਤ ਹੁੰਦੇ ਜਾ ਰਹੇ ਸਨ, ਜਿਵੇਂ ਉਹ ਹਕੀਕਤ ਦੀ ਤਲਖ਼ ਦੁਨੀਆਂ ਤੋਂ ਪਲਾਇਨ ਕਰ ਰਹੇ ਹੋਣ !'

ਪਤਾ ਨਹੀਂ ਕਿਹੜਾ ਵੇਲਾ ਹੋ ਗਿਆ ਸੀ, ਪਰ ਗੱਲਾਂ ਹਾਲੇ ਤੱਕ ਵੀ ਖ਼ਤਮ ਨਹੀਂ ਸਨ ਹੋਈਆਂ। ਸ਼ੇਖਰ ਦਾ ਚਿਹਰਾ ਬਹੁਤ ਦੁਖੀ ਨਜ਼ਰ ਆ ਰਿਹਾ ਸੀ। ਪਤਾ ਨਹੀਂ ਇਹ ਗੱਲ ਕਿੰਨ੍ਹੇ ਕਹੀ ਸੀ ਕਿ ਜਦੋਂ ਤਕ ਇਨਸਾਨ ਦੁਖੀ ਨਹੀਂ ਹੁੰਦਾ, ਉਹ ਹਾਲਾਤ ਨੂੰ ਨਹੀਂ ਬਦਲ ਸਕਦਾ।

'ਪਤਾ ਨਹੀਂ ਸਾਡੇ ਦੇਸ਼ ਵਿਚ ਕਿੰਨੀਆਂ ਕੁ ਗਰੀਬੜੇ ਘਰਾਂ ਦੀਆਂ ਧੀਆਂ ਰਾਤ ਵੇਲੇ ਅਰਧ ਨਗਨ ਸਰੀਰਾਂ ਨਾਲ ਨੱਚ-ਗਾ ਕੇ ਢਿੱਡ ਭਰਦੀਆਂ ਨੇ.........' ਸ਼ੇਖਰ ਨੇ ਹਉਕਾ ਭਰਕੇ ਕਿਹਾ—'ਕੀ ਇਹ ਢਿੱਡ ਭਰਨ ਦਾ ਸੌਖਾ ਤਰੀਕਾ ਹੈ ?'

'ਪਰ ਇਹ ਤਾਂ ਦੇਸ਼ ਦੀਆਂ ਧੀਆਂ ਭੈਣਾਂ ਨੂੰ ਤਬਾਹ ਕਰ ਦੇਵੇਗਾ !' ਮੈਂ ਫਿਕਰਮੰਦ ਹੋ ਕੇ ਕਿਹਾ।

ਮੈਂ ਉਸ ਅਰਧ ਨਗਨ ਕੁੜੀ ਦੀ ਦੁਰਦਸ਼ਾ ਬਾਰੇ ਹੀ ਸੋਚੀ ਜਾ ਰਿਹਾਂ !' ਉਹਨੇ ਫੇਰ ਕਿਹਾ—'ਮੈਂ ਹੁਣ ਦਫਤਰ ਨਹੀਂ ਜਾਵਾਂਗਾ।' ਅਤੇ ਉਹ ਮੰਜੇ ਤੇ ਪਸਰ ਗਿਆ—

ਮੇਰਾ ਹੁਣ ਰਾਹ ਬਦਲ ਗਿਐ। ਇਹ ਗੱਲ ਮੈਂ ਮਨਿਸਟਰ ਨੂੰ ਵੀ ਕਹਿ ਦਿੱਤੀ ਸੀ......ਬੜੇ ਜ਼ੋਰ ਨਾਲ।'

'ਕੀ ਤੂੰ ਉਸ ਨੂੰ ਪਹਿਲਾਂ ਤੋਂ ਜਾਣਦਾ ਸੈਂ ?' ਮੈਂ ਅਚਾਨਕ ਹੀ ਸ਼ੇਖਰ ਨੂੰ ਪੁਛ ਲਿਆ ਤਾਂ ਉਹਨੇ ਹਾਂ 'ਚ ਸਿਰ ਹਿਲਾਕੇ ਕਿਹਾ—'ਹਾਂ, ਕਦੀ ਉਹ ਵੀ ਇਨਕਲਾਬੀ



ਪਾਰਟੀ ਵਿਚ ਸੀ। ਅਤੇ ਬੜੀਆਂ ਹੀ ਜੋਸ਼ੀਲੀਆਂ ਤਕਰੀਰਾਂ ਕਰਿਆ ਕਰਦਾ ਸੀ। ਪਰ ਫੇਰ ਅਚਾਨਕ ਹੀ ਰਾਜ ਕਰਦੀ ਪਾਰਟੀ 'ਚ ਜਾ ਰਲਿਆ !' ਅਤੇ ਸ਼ੇਖਰ ਨੇ ਔਖਾ ਜਿਹਾ ਸਾਹ ਲੈ ਕੇ ਮੇਰੇ ਵੱਲ ਤੱਕਿਆ। ਪਰ ਮੈਂ ਜਵਾਬ ਨਹੀਂ ਦਿੱਤਾ। ਉਹ ਫੇਰ ਬੁੜ-ਬੁੜਾਇਆ—'ਰਾਜ ਸੱਤਾ ਜਿਸ ਕਿਸੇ ਨੂੰ ਵੀ ਛੋਹੰਦੀ ਹੈ, ਭ੍ਰਿਸ਼ਟ ਕਰ ਦਿੰਦੀ ਹੈ......'

ਅਗਲੇ ਕੁਝ ਪਲਾਂ ਵਿਚ ਹੀ ਉਹਦੀ ਅੱਖ ਲੱਗ ਗਈ। ਨੀਂਦ ਵਿਚ ਵੀ ਉਹ ਕੁਝ ਨਾ ਕੁਝ ਬੁੜਬੁੜਾਂਦਾ ਰਿਹਾ। ਮੈਨੂੰ ਲਗ ਰਿਹਾ ਸੀ ਜਿਵੇਂ ਉਹਦੇ ਮਨ ਅੰਦਰ ਗਹਿਰਾਈ ਵਿਚ ਜ਼ਖਮ ਹੋ ਗਿਆ ਹੈ। ਮੈਨੂੰ ਉਹਦੇ ਭਵਿਖ ਦੀ ਚਿੰਤਾ ਨੇ ਘੇਰ ਲਿਆ। ਪਤਾ ਨਹੀਂ ਉਹਦੇ ਬੀਵੀ-ਬੱਚਿਆਂ ਦਾ ਕੀ ਬਣੇਗਾ ? ਜੇਕਰ ਉਹ ਨੌਕਰੀ ਛਡ ਕੇ ਇਨਕਲਾਬੀਆਂ ਨਾਲ ਜਾ ਰਲਿਆ, ਤਦ ਖਾਵੇਗਾ ਕੀ ? ਉਹਦੀ ਘਰ ਵਾਲੀ ਇਕ ਰੱਜੇ ਪੁੱਜੇ ਘਰ ਦੀ ਜੰਮਪਲ ਸੀ, ਅਤੇ ਹੁਣ ਉਨ੍ਹਾਂ ਦੇ ਬੱਚੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਦੇ ਸਨ। ਘਰ ਵਿਚ ਲਹਿਰ ਬਹਿਰ ਸੀ। ਆਪਣੀ ਕੋਠੀ ਸੀ, ਕਾਰ ਸੀ, ਜ਼ਨਾਨੀ ਉਹਦੀ ਸੋਨੇ ਨਾਲ ਲੱਦੀ ਰਹਿੰਦੀ ਸੀ। ਉਹ ਅਕਸਰ ਕਿਹਾ ਕਰਦਾ ਸੀ—'ਸਾਡੀਆਂ ਜ਼ਨਾਨੀਆਂ ਨੂੰ ਇਕੋ ਹੀ ਰੰਗ ਪਸੰਦ ਹੈ, ਅਤੇ ਉਹ ਸੋਨੇ ਦਾ ਰੰਗ ਹੈ।

ਜੇਕਰ ਇਹ ਸਭ ਕੁਝ ਛੱਡ ਕੇ ਸ਼ੇਖਰ ਇਨਕਲਾਬੀ ਅਮਲ ਵਾਸਤੇ ਕੰਮ ਕਰੇਗਾ, ਤਦ ਉਹਦੀ ਇਹ ਕੁਰਬਾਨੀ ਖ਼ੁਦ ਵੀ ਇਕ ਇਨਕਲਾਬ ਹੋਵੇਗੀ। ਆਖਰ ਤਾਂ ਹੱਸਾਸ ਲੋਕਾਂ ਨੂੰ ਹੀ ਪਹਿਲ ਕਦਮੀ ਕਰਨੀ ਪਵੇਗੀ।

ਅਚਾਨਕ ਹੀ ਹੜਬੜਾਕੇ ਉਹਨੇ ਇਕ ਗੱਲ ਹੋਰ ਕਹੀ—'ਮਨਿਸਟਰ ਦਾ ਖਿਆਲ ਸੀ ਕਿ ਹੇਠਲੀ ਪਰਤ ਦੇ ਲੋਕ ਨਸ਼ਿਆਂ-ਅਪਰਾਧਾਂ ਦੀ ਦਲਦਲ 'ਚ ਫਸੇ ਰਹਿਣ ਤਾਂ, ਸਾਡੀਆਂ ਕੁਰਸੀਆਂ ਨੂੰ ਹੱਥ ਨਹੀਂ ਪਾਉਣਗੇ।'

ਫੇਰ ਪਤਾ ਨਹੀਂ ਕਦੋਂ ਮੈਨੂੰ ਨੀਂਦ ਆ ਗਈ। ਨੀਂਦ ਆਈ ਵੀ ਕਿ ਨਹੀਂ ; ਕਹਿ ਨਹੀਂ ਸਕਦਾ। ਪਰ ਜਦੋਂ ਮੈਂ ਸਵੇਰੇ ਜਾਗਿਆ ਤਾਂ ਦਿਨ ਬੜਾ ਰੋਸ਼ਨ ਹੋ ਚੁੱਕਾ ਸੀ, ਅਤੇ ਸ਼ੇਖਰ ਤਿਆਰ ਹੋ ਕੇ ਬੈਠਾ ਮੈਨੂੰ ਘੂਰ ਰਿਹਾ ਸੀ। ਉਹਦੇ ਸਰੀਰ ਤੇ ਨਸ਼ੇ ਵਾਲੀ ਕੋਈ ਗੱਲ ਨਹੀਂ ਸੀ। ਉਹਦਾ ਚਿਹਰਾ ਵੀ ਬਹੁਤ ਗੰਭੀਰ ਸੀ।

'ਚੰਗਾ, ਮੈਂ ਚਲਦਾਂ !' ਉਹਨੇ ਬੜੀ ਸਹਿਜਤਾ ਨਾਲ ਕਿਹਾ। ਮੈਂ ਪੁੱਛਿਆ—'ਹੁਣ ਕਿਥੇ ਜਾਣੈਂ ?'

'ਦਫਤਰ !' ਉਹਨੇ ਬੜੇ ਨਿਰਲੇਪ ਭਾਵ ਨਾਲ ਜਵਾਬ ਦਿੱਤਾ।

'ਤੇ ਜੋ ਕੁਝ ਰਾਤੀਂ ਹੋਇਆ ?'

'ਉਹ ਸਭ ਕੁਝ ਵੀ ਠੀਕ ਸੀ......ਪਰ......'

'ਪਰ ਕੀ ?' ਮੈਂ ਘਬਰਾ ਕੇ ਉਹਦੇ ਵੱਲ ਤੱਕਿਆ, ਜਿਵੇਂ ਉਹਦਾ ਬੁੱਤ ਮੇਰੇ ਸਾਹਮਣੇ ਲੜਖੜਾ ਰਿਹਾ ਹੋਵੇ।

ਉਹਨੇ ਮੇਰੇ ਮੋਢੇ ਫੜਕੇ ਸਹਿਜਤਾ ਨਾਲ ਕਿਹਾ—'ਕੀ ਤੂੰ ਇਹ ਨਹੀਂ ਸੋਚਦਾ ਕਿ ਰਾਤ ਵਾਲੀ ਉਹ ਜ਼ਲੀਲ ਦੁਨੀਆਂ ਕਿੰਨੀ ਭਿਆਨਕ ਸੀ......ਪਰ ਅਸੀਂ ਉਸ

ਸਰਾਪੇ ਹੋਏ ਨਰਕ ਤੋਂ ਕਿੰਨੇ ਦੂਰ ਹਾਂ, ਤੇ ਸਾਡੀਆਂ ਧੀਆਂ ਭੈਣਾਂ ਜ਼ਲਾਲਤਾਂ ਤੋਂ ਕਿਵੇਂ ਵਾਲ-ਵਾਲ ਬਚੀਆਂ ਹੋਈਆਂ ਨੇ......'

ਮੈਨੂੰ ਇਕ ਝਟਕਾ ਲੱਗਾ।

ਮੈਂ ਪੁੱਛਣਾ ਚਾਹਿਆ—'ਤੇ ਹੋਰਨਾਂ ਦੀਆਂ ਧੀਆਂ-ਭੈਣਾਂ ?'

ਮੈਨੂੰ ਲਗ ਰਿਹਾ ਸੀ ਕਿ ਉਹਨੇ ਮੇਰੇ ਮੋਢੇ ਨਾ ਫੜ ਲਏ ਹੁੰਦੇ ਤਾਂ ਮੈਂ ਡਿਗ ਪੈਂਦਾ, ਜਾਂ ਉਹ।

ਅਗਲੇ ਪਲ ਉਹਨੇ ਮੇਰੇ ਵਲ ਕੰਡ ਕਰਕੇ ਬਾਹਰ ਵਲ ਟੁਰਦਿਆਂ ਹੋਇਆਂ ਹੌਲੀ ਜਿਹੀ ਕਿਹਾ—'ਨਾਲੇ ਕੋਈ ਇਕੱਲਾ ਬੰਦਾ ਕੀ ਕਰ ਸਕਦੈ, ਦੋਸਤ !'

96, ਗੋਲਡਨ ਐਵੀਨੀਊ, ਜਲੰਧਰ।

O

## ਗ਼ਜ਼ਲ/ਉਜਾਗਰ ਸਿੰਘ ਕੰਵਲ

ਦੋਸਤੀ ਨਿੱਭਦੀ ਰਹੇ ਜੇ ਦੋਸਤੀ ਦੇ ਵਾਂਗ,
ਜ਼ਿੰਦਗਾਨੀ ਕਿਉਂ ਬਣੇ ਪਿਆਸੀ ਨਦੀ ਦੇ ਵਾਂਗ।

ਸਾਡਾ ਮੋਹ ਦੇ ਮਾਰਿਆਂ ਦਾ ਮਰਨਾ ਕੀ ਮਰਨਾ,
ਇਕ ਅਦਾ ਕਾਫੀ ਹੈ ਤੇਰੀ ਬੇਰੁਖੀ ਦੇ ਵਾਂਗ।

ਓਸ ਰਿਸ਼ਤੇ ਦਾ ਭਰਮ ਰੱਖਾਂ ਕਦੋਂ ਤੱਕ ਪਾਲ ਕੇ,
ਜਦ ਕੋਈ ਆਪਣਾ ਹੀ ਜਾਪੇ ਅਜਨਬੀ ਦੇ ਵਾਂਗ।

ਉਹ ਕਿਸੇ ਬੱਦਲੀ ਦੀ ਛਾਂ ਸੀ ਜਾਂ ਭੁਲੇਖਾ ਘਟਾ ਦਾ,
ਬੈਠੇ ਰਹੇ ਤਪਦੇ ਥਲਾਂ ਦੀ ਬੇਵਸੀ ਦੇ ਵਾਂਗ।

ਰੱਬ ਬਣ ਕੇ ਬੈਠਿਆਂ ਦਾ ਆਸਰਾ ਫਿਰ ਭੀ ਤਾਂ ਹੈ,
ਦੂਰ ਨ੍ਹੇਰੇ ਵਿਚ ਜੱਗਦੀ ਰੋਸ਼ਨੀ ਦੇ ਵਾਂਗ।

ਜੋ ਭੀ ਸੂਰਜ ਵਾਂਗ ਚਮਕੇ ਸ਼ਾਮ ਤੱਕ, ਤਾਂ ਓਸ ਨੂੰ,
ਜੇ ਮੌਤ ਭੀ ਆਏ ਤਾਂ ਆਏ ਜ਼ਿੰਦਗੀ ਦੇ ਵਾਂਗ।

ਜਿਊਣ ਵਰਗੀ ਚੀਜ਼ ਤਾਂ ਕੋਈ ਨਹੀਂ 'ਕੰਵਲ'
ਆਦਮੀ ਪਰ ਜਿਊ ਸਕੇ ਜੇ ਆਦਮੀ ਦੇ ਵਾਂਗ।

142 ਮਾਇਆ ਨਗਰ,
ਸਿਵਲ ਲਾਈਨਜ਼, ਲੁਧਿਆਣਾ।





## ਦਾਸਤਾਂ/ਪ੍ਰੋ: ਗੁਰਦਿਆਲ ਸਿੰਘ

( 1 )

ਤੇਰੀ ਮਹਿਫ਼ਲ 'ਚ ਜਦ ਮੈਂ
ਦਾਸਤਾਂ ਕਹਿ ਕੇ
ਭਰੇ ਦਿਲ ਨਾਲ ਉੱਠ ਕੇ
ਆ ਗਿਆਂ ਸਾਂ
ਅਜੇ ਤੱਕ ਯਾਦ ਹੈ ਮੈਨੂੰ।

ਯਾਦ ਹੈ ਮੈਨੂੰ
ਤੇਰੀ ਉਹ ਬੇਰੁਖ਼ੀ ਅੱਜ ਤੱਕ
ਜੋ ਮੇਰੇ ਜ਼ਿਹਨ 'ਤੇ
ਕੁੱਝ ਇਸ ਤਰ੍ਹਾਂ ਗੁਜ਼ਰੀ
ਜਿਵੇਂ ਮਾਸੂਮ ਗਰਦਨ 'ਤੇ
ਕੋਈ ਨਸ਼ਤਰ ਚਲਾ ਦੇਵੇ।

ਤੇਰੇ ਮਹਿਲਾਂ ਦੀ ਰੌਣਕ 'ਚੋਂ
ਉਦਾਸੀ ਬੰਨ੍ਹ ਕੇ ਪੱਲੇ
ਜਦੋਂ ਮੈਂ ਨਿਕਲ ਤੁਰਿਆ ਸਾਂ
ਤਾਂ ਮੈਨੂੰ ਆਪਣੇ ਖੰਡਰਾਤ ਦਾ
ਅਹਿਸਾਸ ਹੋਇਆ ਸੀ।

ਤੇਰੇ ਸ਼ਹਿਰ ਨੂੰ ਫਿਰ
ਅਲਵਿਦਾ ਕਹਿ ਕੇ,
ਮੈਂ ਤਿੜਕੀ ਸੜਕ ਦੇ ਪਿੰਡੇ 'ਤੇ
ਬੇਸਹਾਰਾ, ਬੇਮੁਹੱਬਤ ਤੁਰ ਪਿਆ ਸਾਂ।

ਦੂਰ ਤੇਰੇ ਸ਼ਹਿਰ ਤੋਂ,
ਬੀਆਬਾਨ ਵਿਚ,
ਇਕ ਰੁੱਖ ਦੇ ਨਾਲ ਸਿਰ ਲਗਾ ਕੇ
ਜਦੋਂ ਮੈਂ ਬੇਬਸੀ ਵਿਚ ਰੋ ਪਿਆ ਸਾਂ
ਅਜੇ ਤੱਕ ਯਾਦ ਹੈ ਮੈਨੂੰ।

ਤੇਰਾ ਇਕ ਵਾ-ਵਰੋਲੇ ਵਾਂਗ
ਮੇਰੇ ਸਾਹਾਂ 'ਚੋਂ ਲੰਘ ਜਾਣਾ

ਤੇ ਮੇਰਾ ਹਉਕਿਆਂ ਦੇ ਵਾਂਗ
ਜਨਮ ਜਾਣਾ ਬਿਨਸ ਜਾਣਾ—
ਇਹ ਸਭ ਕੁੱਝ ਯਾਦ ਹੈ ਮੈਨੂੰ ।

ਹੁਣ ਜੀਵਨ ਅਕਾਰਥ ਹੈ—
ਕਿੱਸਾ ਕਹਾਣੀ ਖ਼ਤਮ ਹੈ ।
ਬੁੱਝ ਰਹੀ ਹੈ ਜ਼ਿਦਗੀ ਮੇਰੀ
ਮਿਟ ਚੁੱਕੀ ਇਕ ਆਰਜ਼ੂ ਦੀ
ਦਾਸਤਾਂ ਬਣ ਕੇ ।

ਮਿਟ ਚੁੱਕੀ ਇਕ ਆਰਜ਼ੂ ਦੀ
ਦਾਸਤਾਂ ਬਣ ਕੇ ।

## ਸਮੇਂ ਦਾ ਫ਼ਰੇਬ
## ( 2 )

ਖ਼ੂਬਸੂਰਤ ਮਹਿਲ ਸੀ
ਲਿਸ਼ਕਦੇ ਮੀਨਾਰ ਸੀ
ਜਸ਼ਨ ਵੀ ਜ਼ੋਰਾਂ 'ਤੇ ਸੀ
ਗਹਿਮਾ ਗਹਿਮੀ ਬਹੁਤ ਸੀ ।

ਦਹਿਲੀਜ਼ 'ਤੇ ਪਹਿਰਾ ਵੀ ਸੀ ਕਰੜਾ ਜਿਹਾ
ਮਹਿਲ ਸਾਰਾ ਚੋਭਦਾਰਾਂ ਨਾਲ ਸੀ ਘਿਰਿਆ ਪਿਆ ।
ਮੈਂ ਵੀ ਆਪਣੀ ਜਾਨ ਲੈ ਕੇ, ਇਕ ਪੁਰਾਣਾ ਮਾਣ ਲੈ ਕੇ
ਆ ਹੀ ਪਹੁੰਚਾ ਚੋਭਦਾਰਾਂ ਦੀ ਨਿਗਾਹ 'ਤੇ ।

ਰੀਝ ਸੀ ਜਸ਼ਨ ਵਿਚ ਸ਼ਿਰਕਤ ਕਰਾਂ
ਸ਼ਹਿਨਸ਼ਾਹੀ ਮਹਿਫ਼ਲਾਂ ਵਿਚ ਦੋਸਤੀ ਦਾ ਦਮ ਭਰਾਂ—
ਪਰ ਮਨਾਹੀ ਸਖ਼ਤ ਸੀ ।

ਏਨੇ ਚਿਰ ਨੂੰ,
ਮਹਿਲ ਦੀ ਫਸੀਲ ਅੰਦਰੋਂ ਆ ਗਈ ਫਿਰ ਇਕ ਆਵਾਜ਼
'ਕਿਉਂ ਤੂੰ ਹੋਨਾ ਏ ਨਾਰਾਜ਼
ਏਥੇ ਤੇਰੀ ਸ਼ਿਰਕਤ ਦੀ ਕੋਈ ਲੋੜ ਨਾ
ਬਿਨ ਤੇਰੇ ਹੁਣ ਮਹਿਲ ਵਿਚ ਕੋਈ ਥੋੜ ਨਾ—
ਸੀ—ਜਦੋਂ ਇਹ ਘਰ ਸੀ
ਹੁਣ ਤਾਂ ਇਹ ਇਕ ਮਹਿਲ ਹੈ ।



ਮਹਿਲ ਨਾਲ ਤਾਂ ਰਿਸ਼ਤਾਂ ਹੁੰਦਾ ਰਾਜੇ ਰਾਣੀ ਦਾ
ਜਾਂ ਫਿਰ ਕਿਸੇ ਸ਼ਹਿਜ਼ਾਦੀ ਜਾਂ ਸ਼ਹਿਜ਼ਾਦੇ ਦਾ ।

ਤੂੰ ਮਹਿਲ ਦੀ ਰੌਣਕ ਦੇ ਨਾ ਹਾਣ ਦਾ
ਮਹਿਲ ਦੀਆਂ ਰਮਜ਼ਾਂ ਨੂੰ ਤੂੰ ਕੀ ਜਾਣਦਾ
ਝੂਰ ਨਾ ਤੂੰ ਆਪਣੀ ਤਕਦੀਰ 'ਤੇ
ਜਾ—ਆਪਣੀ ਮਾਸੂਮੀਅਤ ਤੇ ਤਰਸ ਖਾ
ਗਿਲਾ ਨਾ ਕਰ ਮਹਿਲ ਦੇ ਦਸਤੂਰ ਤੇ ।

ਇਹ ਸਭ ਕੁੱਝ ਮੈਂ ਇਸ ਤਰ੍ਹਾਂ ਸੀ ਸੁਣ ਲਿਆ
ਜਿਵੇਂ ਕਿਸੇ ਮਾਸੂਮ ਨੂੰ
ਸਰੇ ਬਾਜ਼ਾਰ ਕਰ ਦਿੱਤਾ ਹੋਵੇ ਜ਼ਿਬਾਹ ।

ਮਹਿਲ ਦੀ ਦਹਿਲੀਜ਼ ਮੇਰੀ ਰੀਝ ਦੀ ਫਿਰ
ਬਣ ਗਈ ਸੀ ਕਤਲਗਾਹ ।

ਜ਼ਿਹਨ 'ਤੇ ਫਿਰ ਬੇਕਦਰੀ ਦਾ ਬੋਝ ਲੈ ਕੇ
ਆਪਣਾ ਸੀਨਾ ਦਬਾ ਕੇ
ਪਲਕ 'ਤੇ ਹੰਝੂ ਟਿਕਾ ਕੇ
ਆਪਣੇ ਮੈਂ ਘਰ ਦੇ ਵੱਲ ਨੂੰ ਤੁਰ ਪਿਆ ।

ਸੋਚਦਾ ਹੀ ਸੋਚਦਾ ਤੁਰਦਾ ਗਿਆ ਤੁਰਦਾ ਗਿਆ,
ਬੀਆਬਾਨ ਰਾਹਾਂ ਦੇ ਮੋੜ ਮੈਂ ਮੁੜਦਾ ਗਿਆ, ਮੁੜਦਾ ਗਿਆ
ਮਹਿਲ ਦੀ ਰੌਣਕ ਦੇ ਵੱਲ ਅਜੇ ਵੀ ਮੇਰੀ ਝਾਕ ਸੀ—
ਹਾਲਤ ਬੜੀ ਗ਼ਮਨਾਕ ਸੀ ।

ਰੰਜ ਨਹੀਂ ਸੀ ਮਹਿਲ ਦੀ ਦਹਿਲੀਜ਼ ਤੋਂ
ਬੇਆਬਰੂ ਮੁੜਨਾ ਪਿਆ
ਸਮੇਂ ਦੀ ਤਲਵਾਰ ਨੂੰ ਬੇਉਜਰ ਜਰਨਾ ਪਿਆ ।

ਰੰਜ ਸੀ ਕਿ ਖ਼ੂਬਸੂਰਤ ਮਹਿਲ ਜੋ ਹੈ ਉਸਾਰਿਆ
ਇਹਦੀਆਂ ਨੀਹਾਂ ਦੇ ਥੱਲੇ ਮੇਰਾ ਹੀ ਮਲਬਾ ਪਿਆ ।

ਐਸ. ਪੀ. ਐਸ. ਕੇ. ਖਾਲਸਾ ਕਾਲਜ, ਬੇਗੋਵਾਲ
ਜ਼ਿਲ੍ਹਾ ਕਪੂਰਥਲਾ ।

—o—

# ਪਾਕਿਸਤਾਨੀ ਪੰਜਾਬੀ ਕਹਾਣੀ ਦੀ ਕਥਾ-ਦ੍ਰਿਸ਼ਟੀ

ਡਾ. ਬਲਦੇਵ ਸਿਘ ਧਾਲੀਵਾਲ

ਪਾਕਿਸਤਾਨੀ ਪੰਜਾਬੀ ਸਾਹਿਤ ਪ੍ਰਤੀ ਭਾਰਤੀ ਪੰਜਾਬ ਦੇ ਬੁੱਧੀਜੀਵੀਆਂ ਦੀ ਪਿਛਲੇ ਦਹਾਕੇ ਤੋਂ ਵਿਸ਼ੇਸ਼ ਰੁਚੀ ਜਾਗੀ ਹੈ। ਇਸ ਜਗਿਆਸਾ ਦਾ ਮੂਲ ਆਧਾਰ ਉਹ ਨਵੀਨ ਵਿਸ਼ਵ-ਦ੍ਰਿਸ਼ਟੀ ਬਣ ਰਹੀ ਹੈ ਜਿਸ ਦੀ ਸੇਧ ਵਿਚ ਦੋਹਾਂ ਧਿਰਾਂ ਨੇ ਆਪਣੀ ਆਪਣੀ ਰਾਜਨੀਤਿਕ ਅਜ਼ਾਦੀ ਦੀ ਭ੍ਰਾਂਤੀ ਤੋਂ ਉੱਪਰ ਉੱਠ ਕੇ ਸੋਚਣ ਦਾ ਯਤਨ ਆਰੰਭਿਆ ਹੈ। ਦੋਹਾਂ ਦੇਸ਼ਾਂ ਦੀਆਂ ਪਾਬੰਦੀਆਂ ਅਤੇ ਪ੍ਰਸਪਰ ਬਹੁਮੁਖੀ ਮੁਕਾਬਲੇ ਦੀ ਭਾਵਨਾ ਨੇ ਇਸ ਜਗਿਆਸਾ ਨੂੰ ਹੋਰ ਵੀ ਤੀਬਰ ਕੀਤਾ ਹੈ। ਇਸ ਤੀਬਰਤਾ ਅਧੀਨ ਹੀ ਪਾਕਿਸਤਾਨੀ ਅਤੇ ਪੂਰਬੀ ਪੰਜਾਬ ਦੇ ਬੁੱਧੀਜੀਵੀਆਂ ਨੇ ਫਾਰਸੀ ਅਤੇ ਗੁਰਮੁਖੀ ਲਿੱਪੀ ਦੀਆਂ ਸੀਮਾਵਾਂ ਉਲੰਘ ਕੇ ਇਕ ਦੂਜੇ ਦੇ ਸਾਹਿਤ-ਸਭਿਆਚਾਰ ਨੂੰ ਜਾਨਣ ਤੇ ਮਾਨਣ ਦੀ ਚੇਸ਼ਟਾ ਕੀਤੀ ਹੈ।

ਪਾਕਿਸਤਾਨੀ ਪੰਜਾਬੀ ਸਾਹਿਤ ਦੇ ਦੂਜੇ ਸਾਹਿਤ-ਰੂਪਾਂ ਵਾਂਗ ਕਹਾਣੀ ਵੀ ਗਿਣਤੀ ਪੱਖੋਂ ਪੂਰਬੀ ਪੰਜਾਬ ਦੀ ਕਹਾਣੀ ਦੇ ਪਾਸਕੂ ਬਰਾਬਰ ਹੀ ਹੈ, ਜਿਵੇਂ ਡਾ. ਕਰਨੈਲ ਸਿੰਘ ਦੀ ਟਿੱਪਣੀ ਤੋਂ ਸਪੱਸ਼ਟ ਹੈ :

> ਪਾਕਿਸਤਾਨ ਵਿਚ ਲਿਖੀਆਂ ਗਈਆਂ ਪੰਜਾਬੀ ਕਹਾਣੀਆਂ ਦੀ ਕੁੱਲ ਗਿਣਤੀ ਕਿਸੇ ਵੀ ਤਰ੍ਹਾਂ ਭਾਰਤ ਵਿਚ ਇਕੱਲੇ ਸ੍ਰੀ ਕਰਤਾਰ ਸਿੰਘ ਦੁੱਗਲ ਵੱਲੋਂ ਲਿਖੀਆਂ ਗਈਆਂ ਕਹਾਣੀਆਂ ਦੇ ਜੋੜ ਤੋਂ ਵੱਧ ਨਹੀਂ।[1]

ਇਨ੍ਹਾਂ ਕਹਾਣੀਆਂ ਦੀ ਗਿਣਤੀ ਮਸਾਂ ਹੀ "ਕੋਈ ਹਜ਼ਾਰ ਦੇ ਕਰੀਬ" ਹੈ।[2] ਇਧਰਲੇ ਤੇ ਉਪਰਲੇ ਅਖਬਾਰਾਂ/ਮੈਗਜੀਨਾਂ ਤੋਂ ਇਲਾਵਾ 40-50 ਸੰਗ੍ਰਹਿ ਵੀ ਇਨ੍ਹਾਂ ਕਹਾਣੀਆਂ ਦੇ ਛਪ ਚੁੱਕੇ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੇ ਅਫ਼ਜ਼ਲ ਅਹਿਸਨ ਰੰਧਾਵਾ ਵੱਲੋਂ ਤਿਆਰ ਕਰਕੇ ਭੇਜੀ ਸੂਚੀ ਵਿਚ ਸ਼ਾਮਿਲ ਹਨ।[3] ਪਾਕਿਸਤਾਨੀ ਪੰਜਾਬੀ ਕਹਾਣੀਆਂ ਦੇ ਕੁਝ ਚੋਣਵੇਂ ਸੰਗ੍ਰਹਿ ਗੁਰਮੁਖੀ ਲਿੱਪੀ ਵਿਚ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ।[4] ਇਹ ਸਿਲਸਲਾ 1970 ਈ: ਵਿਚ ਸ਼ੁਰੂ ਹੋਇਆ ਸੀ !

ਇਨ੍ਹਾਂ ਕਹਾਣੀਆਂ ਦਾ ਸਹਿਜ-ਪਾਠ ਵੀ ਏਨ੍ਹਾ ਕੁ ਬੋਧ ਕਰਾ ਦਿੰਦਾ ਹੈ ਕਿ ਇਨ੍ਹਾਂ ਵਿਚ ਉਸ ਬਹੁਪੱਖੀ ਅਨੁਭਵ ਨੂੰ ਪੇਸ਼ ਕੀਤਾ ਗਿਆ ਹੈ ਜਿਹੜਾ ਸਧਾਰਣ ਰੂਪ ਵਿਚ ਏਸ਼ੀਆ ਦੇ ਵਿਕਾਸ-ਅਧੀਨ ਦੇਸ਼ਾਂ ਦਾ ਆਮ ਅਨੁਭਵ ਹੈ। ਸ਼ਾਹੀਨ ਮਲਿਕ ਦੀ ਟਿੱਪਣੀ ਤੋਂ ਇਹ ਜ਼ਾਹਿਰ ਹੋ ਜਾਂਦਾ ਹੈ :

> ਵਿਸ਼ੇ ਦੇ ਪੱਖੋਂ ਪਿੰਡਾਂ ਤੇ ਸ਼ਹਿਰਾਂ ਦਾ ਟਾਕਰਾ, ਪਿੰਡਾਂ ਵੱਲੋਂ ਸ਼ਹਿਰਾਂ ਵੱਲ ਹਿਜਰਤ, ਜਿਨਸ ਤੇ ਜਿਨਸੀ ਮਸਲੇ ਹਨ। ਚੌਧਰੀ, ਲੈਂਡ ਲਾਰਡ ਤੇ ਸਰਮਾਏ-ਦਾਰ, ਸੇਠ ਤੇ ਮੌਲਵੀ, ਸਿਆਸੀ ਤਿਕੜਮਬਾਜ਼ ਤੇ ਐਸਟੈਬਲਿਸ਼ਮੈਂਟ, ਕਾਰੋਬਾਰੀ ਵਿਹਾਰ ਤੇ ਖੋਖਲੀ ਤਾਲੀਮ ਢੇਰ ਸਾਰੇ ਹਕੀਕੀ ਤੇ ਅਜੋਕੇ ਮਸਲੇ



> ਕਹਾਣੀਆਂ (ਪੰਜਾਬੀ) ਵਿਚ ਆ ਰਹੇ ਹਨ। ਰੋਮਾਨਵੀ, ਘਰੇਲੂ, ਸਮਾਜੀ, ਤਹਜ਼ੀਬੀ ਤੇ ਬੀਤੇ ਸਮੇਂ ਨਾਲ ਪਿਆਰ ਦੀਆਂ ਕਹਾਣੀਆਂ ਵੀ ਲਿਖੀਆਂ ਜਾ ਰਹੀਆਂ ਹਨ। ਕੁਝ ਅਰਸਾ ਵੰਡ ਤੇ ਓਹਦੇ ਬਾਅਦ ਦੇ ਮਸਲੇ ਵੀ ਨਵੇਂ ਨਵੇਂ ਅੰਦਾਜ਼ ਵਿਚ ਕਹਾਣੀਆਂ ਵਿਚ ਛੇੜੇ ਗਏ। ਅੱਜ ਰਾਤੋ-ਰਾਤ ਅਮੀਰ ਬਣਨ, ਤੇਲ ਵਾਲੀਆਂ ਰਿਆਸਤਾਂ ਵੱਲ ਹਿਜਰਤ, ਮਹਿੰਗਾਈ, ਲਾਈਫ਼ ਸਟੇਟਸ, ਮੁਆਸ਼ਰਤੀ ਤੇ ਤੱਬਕਾਤੀ ਊਚ-ਨੀਚ ਸਭੋ ਕੁਝ ਕਹਾਣੀਆਂ ਵਿਚ ਸਮੋਇਆ ਜਾ ਰਿਹਾ ਹੈ।[5]

ਇਨ੍ਹਾਂ ਸਾਂਝੇ ਅਨੁਭਵਾਂ ਦੇ ਬਾਵਜੂਦ ਪਾਕਿਸਤਾਨੀ ਪੰਜਾਬੀ ਕਹਾਣੀ ਭਾਰਤੀ ਪੰਜਾਬ ਦੀ ਕਹਾਣੀ ਦਾ ਉਸੇ ਤਰ੍ਹਾਂ ਦਾ ਅੰਗ-ਵਿਸਥਾਰ ਨਹੀਂ ਜਿਵੇਂ ਏਥੋਂ ਦੀ ਮਲਵਈ, ਮਾਝੀ, ਦੁਆਬੀ ਤੇ ਪੁਆਧੀ ਉਪ-ਖੇਤਰਾਂ ਦੀ ਕਹਾਣੀ ਹੈ। ਇਸ ਦੇ ਉਲਟ ਪਾਕਿਸਤਾਨੀ ਪੰਜਾਬੀ ਕਹਾਣੀ ਆਪਣੀ ਪਾਕਿਸਤਾਨੀਅਤ ਕਰਕੇ ਵਿਲੱਖਣ ਹੈ, ਜਿਸਦਾ ਅਧਾਰ ਇਸਦੀ ਨਵੇਕਲੀ ਗਲਪ-ਦ੍ਰਿਸ਼ਟੀ ਵਿਚ ਸਥਿਤ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਜਾਪਾਨ ਅਤੇ ਚੀਨ ਜਿਹੇ ਦੇਸ਼ਾਂ ਤੋਂ ਇਲਾਵਾ ਬਹੁਤੇ ਵਿਕਾਸ-ਅਧੀਨ ਏਸ਼ੀਆਈ ਦੇਸ਼ਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਪ੍ਰਤੀ ਦ੍ਰਿਸ਼ਟੀਕੋਣ ਵਿਚ ਸਮਾਨਤਾਵਾਂ ਹਨ ਪਰ ਇਨ੍ਹਾਂ ਦੇਸ਼ਾਂ ਦੀਆਂ ਸਥਾਨਗਤ ਇਤਿਹਾਸਕ-ਸਭਿਆਚਾਰਕ ਵਿਲੱਖਣਤਾਵਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਮਿਸਾਲ ਵਜੋਂ ਪਾਕਿਸਤਾਨ ਦਾ ਇਸਲਾਮੀ ਦਰਸ਼ਨ, ਸਨਅਤੀ ਪਛੜੇਵਾਂ, ਰਾਜਨੀਤੀ ਦਾ ਤਾਨਾਸ਼ਾਹੀ ਸਿਸਟਮ (ਮਾਰਸ਼ਲ ਲਾਅ) ਅਤੇ ਵਿਸ਼ਵ ਮੰਡੀ ਉਤੇ ਕਾਬਜ਼ ਅਮਰੀਕੀ ਸਾਮਰਾਜ ਨਾਲ ਭਾਈਵਾਲੀ ਆਦਿ ਅਜਿਹੇ ਲੱਛਣ ਹਨ ਜਿਹੜੇ ਭਾਰਤ ਨਾਲੋਂ ਭਿੰਨਤਾ ਵਾਲੇ ਹਨ। ਉਪਰੋਕਤ ਸਮਾਨਤਾਵਾਂ ਅਤੇ ਵਿਲੱਖਣਤਾਵਾਂ ਦਾ ਦਵੰਦ ਹੀ ਪਾਕਿਸਤਾਨੀ ਵਿਸ਼ਵ-ਦ੍ਰਿਸ਼ਟੀ (world view) ਦਾ ਮੂਲ ਅਧਾਰ ਹੈ। ਇਹ ਦਵੰਦ ਅੱਗੋਂ ਵਿਭਿੰਨ ਖੇਤਰਾਂ ਵਿਚ ਵਿਭਿੰਨ ਰੂਪਾਂ ਰਾਹੀਂ ਉਜਾਗਰ ਹੋਇਆ ਹੈ।

ਸਾਹਿੱਤ ਦੇ ਪ੍ਰਸੰਗ ਵਿਚ ਪਾਕਿਸਤਾਨੀ ਵਿਸ਼ਵ-ਦ੍ਰਿਸ਼ਟੀ ਹੀ ਪਾਕਿਸਤਾਨੀ ਪੰਜਾਬੀ ਗਲਪ-ਦ੍ਰਿਸ਼ਟੀ ਦੀ ਪ੍ਰੇਰਕ ਅਤੇ ਇਕਾਗਰਕਾਰ ਸ਼ਕਤੀ ਹੈ ਅਤੇ ਅਜਿਹੀ ਵਿਲੱਖਣ ਗਲਪ-ਦ੍ਰਿਸ਼ਟੀ ਦਾ ਅਕੁੰਸ਼ ਹੀ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਇਕ ਸਾਂਝੀ ਤੰਦ ਵਿਚ ਪਰੋਂਦਾ ਹੈ।

ਪਾਕਿਸਤਾਨ ਦਾ ਜਨਮ ਹੀ ਉਸ ਦਵੰਦ-ਚੇਤਨਾ ਦਾ ਜਨਮ ਸੀ ਜਿਸ ਵਿਚ ਅਜ਼ਾਦੀ ਦੇ ਜਸ਼ਨ ਅਤੇ ਆਪਣੇ ਇਤਿਹਾਸਕ-ਸਭਿਆਚਾਰਕ ਪ੍ਰਵਾਹ ਤੋਂ ਟੁੱਟਣ ਦੀ ਪੀੜ ਇਕੋ ਵੇਲੇ ਸ਼ਾਮਿਲ ਸਨ। ਇਸ ਦਵੰਦ-ਚੇਤਨਾ ਦਾ ਹੀ ਸਿੱਟਾ ਸੀ ਕਿ ਆਪਣੀ ਆਜ਼ਾਦੀ ਤੋਂ ਬਾਅਦ ਇਕ-ਡੇਢ ਦਹਾਕਾ ਪੰਜਾਬੀ ਬੁੱਧੀਜੀਵੀ ਇਕ ਗਹਿਰੀ ਚੁੱਪ ਦੀ ਗ੍ਰਿਫ਼ਤ ਵਿਚ ਰਿਹਾ। ਇਹ ਚੁੱਪ ਉਸ ਗੁਨਾਹ-ਭਾਵਨਾ ਦੇ ਡਰ ਵਾਲੀ ਵੀ ਸੀ ਜਿਹੜੀ ਆਪਣੀ ਪੀੜ ਦੇ ਬੇਰੋਕ ਪ੍ਰਗਟਾਵੇ ਨਾਲ ਪਾਕਿਸਤਾਨੀ ਕੌਮੀਅਤ ਦੇ ਪ੍ਰਸੰਗ ਵਿਚ ਪੈਦਾ ਹੋਣੀ ਸੀ। ਇਹ ਚੁੱਪ ਅਖੀਰ ਸੱਤਵੇਂ ਦਹਾਕੇ ਦੇ ਸ਼ੁਰੂ ਵਿਚ ਟੁੱਟਣੀ ਸ਼ੁਰੂ ਹੋਈ। ਇਹ ਕੇਵਲ ਸਬੱਬ

ਹੀ ਨਹੀਂ ਸੀ ਕਿ ਕਰਾਂਚੀ ਯੂਨੀਵਰਸਿਟੀ ਦੇ ਸਾਬਕਾ ਵਾਇਸ-ਚਾਂਸਲਰ ਡਾ. ਜਮੀਲ ਜ਼ਾਲਿਬੀ ਦੀ ਵਿਵਾਦ-ਗ੍ਰਸਤ ਪੁਸਤਕ 'Pakistan the Identity of Culture' ਵੀ ਉਸੇ ਸਮੇਂ ਉਰਦੂ ਵਿਚ ਛਪੀ ਜਿਸ ਸਮੇਂ ਪਾਕਿਸਤਾਨੀ ਪੰਜਾਬੀ ਕਹਾਣੀ ਨੇ ਵਸਤੂ-ਯਥਾਰਥ ਦੀ ਹਾਣੀ ਹੋ ਕੇ ਤੁਰਨ ਦਾ ਮੁਢਲਾ ਯਤਨ ਕੀਤਾ। ਸ਼ਾਹੀਨ ਮਲਿਕ ਅਨੁਸਾਰ, "ਨਵੀਂ (ਪੰਜਾਬੀ) ਕਹਾਣੀ ਦਾ ਸਹੀ ਮੂੰਹ ਮੁਹਾਂਦਰਾ 1960 ਦੇ ਲਾਗੇ ਆ ਕੇ ਬੱਝਿਆ।"[6]

ਪਾਕਿਸਤਾਨੀ ਪੰਜਾਬੀ ਕਹਾਣੀ ਦਾ ਸਭ ਤੋਂ ਪਹਿਲਾ ਕਾਰਜ ਉਸ ਦਵੰਦ-ਚੇਤਨਾ ਉੱਤੇ ਕਾਬੂ ਪਾਉਣਾ ਸੀ ਜਿਸ ਵਿਚੋਂ ਇਸ ਨੇ ਜਨਮ ਲਿਆ ਸੀ ਅਤੇ ਜੋ ਚੇਤਨਾ ਡਾ. ਜਮੀਲ ਦੇ ਸ਼ਬਦਾਂ ਵਿਚ 'ਸਭਿਆਚਾਰਕ ਖਲਾਅ' ਨਾਲ ਪੈਦਾ ਹੋਈ ਸੀ :

> From Cultural point of view Pakistan came in to being in a vaccum culturally, indeed, 1947 marks a clear line of demarcation......[7]

ਇਸ ਸਭਿਆਚਾਰਕ ਖਲਾਅ ਨੂੰ ਭਰਨ ਵਾਸਤੇ ਪਾਕਿਸਤਾਨ ਦੇ ਲੇਖਕ ਨੇ ਜਿਹੜੇ ਦੋ ਰਾਹ ਅਪਣਾਏ, ਉਹ ਸਨ : ਆਪਣੀਆਂ ਜੜ੍ਹਾਂ ਦੀ ਮਜ਼ਬੂਤੀ ਲਈ ਭਾਰਤੀ ਚਿੰਤਨ ਪਰੰਪਰਾ ਦੀ ਕਾਂਟ-ਛਾਂਟ ਰਾਹੀਂ ਮੁਸਲਿਮ-ਧਾਰਾ ਦਾ ਅੰਗ-ਨਿਖੇੜ ਅਤੇ ਇਸ ਨੀਂਹ ਉੱਤੇ ਪਾਕਿਸਤਾਨ ਦੀ ਨਵ-ਸਿਰਜਣਾ ਵਾਸਤੇ ਉਨ੍ਹਾਂ ਅਸੰਗਤੀਆਂ (Contradictions) ਦਾ ਸੁਲਝਾਵ ਜਿਹੜੀਆਂ ਨਵ-ਨਿਰਮਾਣ ਵਿਚ ਅੜਿੱਕਾ ਬਣ ਰਹੀਆਂ ਸਨ। ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਦੀ ਵਡਿੱਤਣ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਦੂਜੇ ਰਾਹ ਉੱਤੇ ਵਧੇਰੇ ਬਲ ਦਿੱਤਾ। ਜੋ ਪੰਜਾਬੀ ਗਲਪ-ਦ੍ਰਿਸ਼ਟੀ ਨੂੰ ਨਿਰਧਾਰਤ ਕਰਨ ਵਾਲਾ ਪਹਿਲਾ ਕਾਰਣ ਉਸਦੇ ਉਪਰੋਕਤ ਮੁਢਲੇ ਸੰਘਰਸ਼ ਨਾਲ ਜੁੜਿਆ ਹੋਇਆ ਹੈ। ਸਤਵੇਂ ਦਹਾਕੇ ਵਿਚ ਛਪੀ ਪ੍ਰਸਿੱਧ ਕਹਾਣੀਕਾਰ ਹਨੀਫ਼ ਬਾਵਾ ਦੀ ਕਹਾਣੀ 'ਪੱਥਰ, ਰੁਖ ਤੇ ਚਿੜੀ' ਅਜਿਹੇ ਥੀਮ ਵਾਲੀ ਕਹਾਣੀ ਹੈ। ਇਸ ਕਹਾਣੀ ਵਿਚ ਬਿਰਤਾਂਤਕਾਰ ਇਕ ਟਾਹਲੀ ਬੱਲੇ ਪੱਥਰ ਉੱਡੇ ਆਲ੍ਹਣੇ ਵਿਚ ਬੈਠਾ ਬੋਟ ਚੋਗ ਲੈਣ ਗਈ ਚਿੜੀ ਦੀ ਉਡੀਕ 'ਚ ਬੈਠਾ ਹੈ। ਚਿੜੀ ਦੇ ਮੁੜ ਆਉਣ ਤੇ ਉਹ ਬਹੁਤ ਖੁਸ਼ ਹੁੰਦਾ ਹੈ ਅਤੇ ਆਪਣੀ ਮਾਂ ਦੀਆਂ ਤਕਲੀਫ਼ਾਂ ਬਾਰੇ ਆਪਣੇ ਭਾਵ ਬਿਆਨ ਕਰਦਾ ਹੈ। ਚਿੜੀ ਆਪਣੀ ਇਕ ਲੱਤ ਟੁੱਟੀ ਹੋਣ ਦੇ ਬਾਵਜੂਦ ਆਪਣੇ ਬੱਚੇ ਲਈ ਹਰ ਤਕਲੀਫ਼ ਝੱਲ ਕੇ ਵੀ ਖੁਸ਼ ਹੈ। ਏਨੇ ਨੂੰ ਹਨੇਰੀ ਆਉਣ ਨਾਲ ਚਿੜੀ ਦਾ ਬੋਟ ਥੱਲੇ ਡਿੱਗ ਕੇ ਮਰ ਜਾਂਦਾ ਹੈ। ਚਿੜੀ ਬਹੁਤ ਦੁਖੀ ਹੁੰਦੀ ਹੈ ਪਰ ਅਖੀਰ ਕੁਝ ਸਮੇਂ ਪਿਛੋਂ ਹਿੰਮਤ ਕਰਕੇ ਫੇਰ ਆਲ੍ਹਣਾ ਬਨਾਉਣ ਲਗਦੀ ਹੈ ਅਤੇ ਨਵੇਂ ਜੀਵਨ ਨਾਲ ਸਾਂਝ ਪਾਉਂਦੀ ਹੈ :

> "ਉਸੇ ਤਰ੍ਹਾਂ ਛਾਲਾਂ ਮਾਰਦੀ ਕਦੀ ਆਉਂ ਨੂੰ ਜਾਉਂਦੀ ਏ ਤੇ ਕਦੀ ਔਂ ਨੂੰ, ਸ਼ਾਇਦ ਹੁਣ ਫਿਰ ਉਹ ਕਿਸੇ ਬੱਚੇ ਦੀ ਮਾਂ ਬਣੇਗੀ।



ਬੜੇ ਹੀ ਸਪੱਸ਼ਟ ਪ੍ਰਤੀਕ-ਪ੍ਰਬੰਧ ਅਤੇ ਸਰਲ-ਬ੍ਰਿਤਾਂਤਕ ਵੇਰਵਿਆਂ ਰਾਹੀਂ ਇਹ ਕਹਾਣੀ ਆਪਣਾ ਨਿਸਚਤ ਅਰਥ-ਸੰਚਾਰ ਕਰਦੀ ਹੈ। ਖੜੋਤ (ਬੇਹਰਕਤ ਪੱਥਰ ਪੱਤਝੜ ਮਾਰੇ ਰੁੱਖ, ਤੀਲੋ-ਤੀਲ ਆਲ੍ਹਣਾ) ਅਤੇ ਪਰਿਵਰਤਨ (ਸਰਸਬਜ਼ ਰੁੱਖ, ਨਵ-ਜਨਮੇ ਬੋਟ ਤੇ ਨਵੇਂ ਆਲ੍ਹਣੇ) ਦੇ ਵਿਰੋਧੀ ਜੁੱਟਾਂ ਰਾਹੀਂ ਇਹ ਕਹਾਣੀ ਪਾਕਿਸਤਾਨ ਦੀ ਸਥਾਪਨਾ ਅਤੇ ਨਵ-ਨਿਰਮਾਣ ਦਾ ਰਚਨਾਤਮਕ-ਵਿਵੇਕ ਸਿਰਜਣ ਦਾ ਯਤਨ ਕਰਦੀ ਹੈ। ਇਸ ਕਹਾਣੀ ਵਿਚ ਖੜੋਤਮੁਖੀ ਅਤੀਤ ਪ੍ਰਤੀ ਹਲਕੀ ਨਫ਼ਰਤ ਵੀ ਹੈ, ਪਰਿਵਰਤਨ ਦੌਰਾਨ ਸਹਾਰੇ ਕਸ਼ਟਾਂ ਦੀ ਪੀੜ ਵੀ ਅਤੇ ਨਵ-ਨਿਰਮਾਣ ਦਾ ਚਾਅ ਤੇ ਜੋਸ਼ ਵੀ ਸ਼ਾਮਿਲ ਹੈ।

ਇਸ ਤਰਜ਼ ਦੀਆਂ ਕੁੱਝ ਹੋਰ ਕਹਾਣੀਆਂ ਹਨ ਜਿਹਨਾਂ ਵਿਚੋਂ ਹਨੀਫ਼ ਚੌਧਰੀ ਦੀ ਚਿੰਨ੍ਹਾਤਮਕ ਕਹਾਣੀ "ਲਹੂ ਦੀਆਂ ਲਕੀਰਾਂ" ਉਲੇਖਯੋਗ ਹੈ।

ਅਜਿਹੀਆਂ ਕਹਾਣੀਆਂ ਦੀ ਪ੍ਰਮੁੱਖ ਕਥਾ-ਜੁਗਤ ਮੱਧਕਾਲੀਨ ਬਾਤਾਂ ਵਾਂਗ ਦ੍ਰਿਸ਼ਟਾਂਤਕ ਹੈ ਜਾਂ ਕਿਤੇ-ਕਿਤੇ ਰੂਪਕ ਸਿਰਜਣ ਦੀ ਅਤੇ ਪਹੁੰਚ-ਵਿਧੀ ਆਦਰਸ਼ਵਾਦੀ ਹੈ ਜਾਂ ਰੁਮਾਂਟਕ। ਦਰਪੇਸ਼ ਦਵੰਦ-ਚੇਤਨਾ ਨੂੰ ਉਸ ਦੀ ਪੂਰੀ ਜਟਿਲਤਾ ਸਮੇਤ ਪ੍ਰਗਟਾਅ ਸਕਣ ਵਾਲੇ ਗਲਪ-ਰੂਪਕਾਰ ਦੀ ਤਲਾਸ਼ ਇਹਨਾਂ ਕਹਾਣੀਕਾਰਾਂ ਦੀ ਪ੍ਰਮੁੱਖ ਚਿੰਤਾ ਰਹੀ ਹੈ।

ਪਾਕਿਸਤਾਨੀ ਪੰਜਾਬੀ ਲੇਖਕ ਨੇ ਹੌਲੀ-ਹੌਲੀ ਆਪਣੇ ਆਪ ਨੂੰ ਪਾਕਿਸਤਾਨ ਦੇ ਨਵ-ਨਿਰਮਾਣ ਦੀ ਪ੍ਰਕਿਰਿਆ ਨਾਲ ਇਕਸੁਰ ਕਰਕੇ ਉਸ ਪੀੜ ਦਾ ਨਿਵਾਰਨ ਕਰ ਲਿਆ ਹੈ ਜਿਹੜੀ ਵੰਡ ਵੇਲੇ ਆਪਣੇ ਸਭਿਆਚਾਰ ਦੇ ਇਤਿਹਾਸਕ ਪ੍ਰਵਾਹ ਨਾਲੋਂ ਵਿਛੁੰਨ ਕੇ ਪੈਦਾ ਹੋਈ ਸੀ। ਇਹ ਚੇਤਨਾ ਉਸ ਤੇ ਗੈਰ-ਮੁਸਲਿਮ ਭਾਰਤੀ ਸਭਿਆਚਾਰ ਨਾਲੋਂ ਨਾਤਾ ਤੋੜਨ ਦਾ ਸੁਚੇਤ ਆਧਾਰ ਬਣੀ ਜਿਸ ਨਾਲ ਉਸ ਦੇ ਪ੍ਰੇਰਨਾ-ਸਰੋਤਾਂ ਵਿਚ ਵੱਡਾ ਪਰਿਵਰਤਨ ਆਇਆ। ਡਾ: ਅਤਰ ਸਿੰਘ ਅਨੁਸਾਰ :

> ਪਾਕਿਸਤਾਨੀ ਪੰਜਾਬੀ ਸਾਹਿਤ ਦੇ ਪ੍ਰੇਰਨਾ-ਸੋਮੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਇਸਲਾਮ ਅਤੇ ਸਾਹਿਤਕ ਦ੍ਰਿਸ਼ਟੀਕੋਣ ਤੋਂ ਪੰਜਾਬੀ ਦੇ ਇਸਲਾਮੀ-ਸੂਫ਼ੀ ਸਾਹਿਤ ਦੇ ਵਿਰਸੇ ਅਤੇ ਉਰਦੂ-ਫ਼ਾਰਸੀ ਅਰਬੀ ਦੀਆਂ ਸਾਹਿਤਕ ਪਰੰਪਰਾਵਾਂ ਵਲੋਂ ਖੁੱਲ੍ਹਦੇ ਹਨ।[8]

ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਕਈ ਵਾਰ ਅਫ਼ਜਲ ਅਹਿਸਨ ਰੰਧਾਵਾ ਅਤੇ ਸਲੀਮ ਖਾਂ ਗਿੰਮੀ ਦੇ ਸਿੱਖ ਜਾਂ ਗੈਰ-ਮੁਸਲਿਮ ਪਾਤਰ ਸੁਚੇਤ ਪਾਠਕ ਨੂੰ ਅਚੰਭਿਤ ਕਰਦੇ ਹਨ। ਮੇਰੀ ਜਾਚੇ ਇਹਨਾਂ ਪਾਤਰਾਂ ਦੀ ਚੋਣ ਦਾ ਆਧਾਰ ਓਨਾ ਧਾਰਮਿਕ ਸਾਂਝੀਵਾਲਤਾ ਪ੍ਰਤੀ ਉਦਾਰਤਾ ਜਾਂ ਸਾਂਝੇ ਸਭਿਆਚਾਰਕ ਮੁੱਲਾਂ ਪ੍ਰਤੀ ਉਦਰੇਵਾਂ ਨਹੀਂ ਜਿੰਨਾ ਪੱਛਮੀ ਆਧੁਨਿਕਤਾਵਾਦ ਦੇ ਵਿਰੋਧ ਵਿਚ ਆਪਣੇ ਅਤੀਤ ਨੂੰ ਚਿਤਵਣ ਦੀ ਬਿਰਤੀ ਹੈ। ਇਸ ਪ੍ਰਸੰਗ ਵਿਚ ਸ਼ਾਹੀਨ ਮਲਿਕ ਦੀ ਅਫ਼ਜ਼ਲ ਅਹਿਸਨ ਰੰਧਾਵਾ ਦੇ ਪਾਤਰਾਂ ਬਾਰੇ ਇਹ ਸਹਿਜ ਟਿੱਪਣੀ ਗੌਲਣਯੋਗ ਹੈ :

ਅਸਲ ਵਿਚ ਉਹ ਇਕ ਵੱਡਾ ਦਾਸਤਾਨਗੋ ਹੈ ਜਿਸ ਨੂੰ ਆਪਣੇ ਬੀਤੇ ਸਮੇਂ ਨਾਲ ਗੂੜ੍ਹਾ ਪਿਆਰ ਹੈ ਤੇ ਰਾਠਾਂ ਦੀਆਂ ਉਹਨਾਂ ਕਦਰਾਂ ਨੂੰ ਸੰਭਾਲਣਾ ਚਾਹੁੰਦਾ ਹੈ ਜਿਹੜੀਆਂ ਸ਼ਹਿਰਾਂ ਦੀ ਚਮਕ-ਦਮਕ ਅੱਗੇ ਫਿੱਕੀਆਂ ਪੈ ਗਈਆਂ ਹਨ।[9]

ਅਫ਼ਜ਼ਲ ਅਹਿਸਨ ਰੰਧਾਵਾ ਦੀਆਂ ਕਹਾਣੀਆਂ ਵਿਚ ਆਏ ਸਿੱਖ ਪਾਤਰਾਂ ਨੂੰ ਉਹਨਾਂ ਦੇ ਵਿਸ਼ੇਸ਼ ਸਭਿਆਚਾਰਕ ਪਰਿਪੇਖ ਤੋਂ ਮੁਕਤ ਕਰ ਲਿਆ ਗਿਆ ਹੈ। ਕਹਾਣੀ 'ਗਵਾਚੀ ਹੋਈ ਖੁਸ਼ਬੂ' ਦਾ ਟਹਿਲ ਸਿੰਘ ਨਾਂ ਦਾ ਸਿੱਖ ਹੀ ਹੈ। ਉਸ ਦਾ ਉਭਰਵਾਂ ਬਿੰਬ ਇਕ ਸਾਮੰਤੀ ਪੰਜਾਬੀ ਰਾਠ ਦਾ ਬਣਦਾ ਹੈ ਜਿਸ ਦੀ ਕੋਈ ਵਿਸ਼ੇਸ਼ ਸਭਿਆਚਾਰਕ ਪਛਾਣ ਨਹੀਂ ਹੁੰਦੀ। 'ਬੰਨੇ ਚੰਨੇ ਦੇ ਭਰਾ' ਦਾ ਟਹਿਲ ਸਿੰਘ ਅਤੇ ਕਹਾਣੀ 'ਰੰਨ ਤਲਵਾਰ ਤੇ ਘੋੜਾ' ਦਾ ਲੱਖਣ ਸਿੰਘ ਤੇ ਮੱਖਣ ਸਿੰਘ ਵੀ ਅਜਿਹੇ ਹੀ ਪਾਤਰ ਹਨ। ਸਿੱਖ ਸਭਿਆ-ਚਾਰਕ ਪਰਿਪੇਖ ਤੋਂ ਮੁਕਤ ਇਹਨਾਂ ਗਿਣਤੀ ਦੇ 'ਸਿੱਖ ਪਾਤਰਾਂ' ਤੋਂ ਬਿਨਾਂ ਪਾਕਿਸਤਾਨੀ ਪੰਜਾਬੀ ਕਹਾਣੀ ਨੇ ਆਪਣੇ ਆਪ ਨੂੰ ਸਾਂਝੇ ਪੰਜਾਬੀ ਸਭਿਆਚਾਰ ਤੋਂ ਲਗਭਗ ਪੂਰਨ-ਭਾਂਤ ਮੁਕਤ ਕਰ ਲਿਆ ਹੈ।

ਪਾਕਿਸਤਾਨ ਦੇ ਪੰਜਾਬੀ ਕਹਾਣੀਕਾਰਾਂ ਦੀ ਗਲਪ-ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰਨ ਵਾਲਾ ਦੂਜਾ ਪ੍ਰਮੁੱਖ ਮਸਲਾ ਗੂੜ੍ਹ ਇਸਲਾਮੀ ਰੰਗਤ ਵਾਲੀ ਸਾਮੰਤੀ ਮਾਨਸਿਕਤਾ ਅਤੇ ਪੱਛਮੀ ਜੀਵਨ-ਪ੍ਰਤੀਮਾਨਾਂ ਦਾ ਦਵੰਦ ਹੈ। ਇਸ ਦਵੰਦ ਦਾ ਆਭਾਸ ਡਾ. ਜਮੀਲ ਦੇ ਇਸ ਸ਼ੰਕੇ ਤੋਂ ਵੀ ਹੋ ਜਾਂਦਾ ਹੈ :

> Already the west's world view alongwith with its industrial system is gradually changing us, and we are accepting the change. The inevitable result in due course will be that we should lose our world view and replace it with the west's.[10]

ਇਸ ਦਵੰਦ ਨੂੰ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਨੇ ਬੜੀ ਦਿਲਚਸਪੀ ਨਾਲ ਆਪਣਾ ਰਚਨਾ-ਵਸਤੂ ਬਨਾਉਣ ਦਾ ਯਤਨ ਕੀਤਾ ਹੈ। ਸ਼ਾਹੀਨ ਮਲਿਕ ਦੀ ਕਹਾਣੀ 'ਇਲਮੋਂ ਬੱਸ ਕਰੀਂ ਓ ਯਾਰ' ਦਾ ਪ੍ਰੋਫੈਸਰ ਸਿਰਾਜੁਦੀਨ ਆਪਣੇ ਕੌਮੀ ਫਰਜ਼ਾਂ ਦੇ ਆਦਰਸ਼ ਅਤੇ ਪੱਛਮੀ ਢੰਗ ਦੀਆਂ ਪਦਾਰਥਕ ਸਹੂਲਤਾਂ ਦੇ ਵਿਚਕਾਰ ਖੜਾ ਤਣਾਅਗ੍ਰਸਤ ਮਾਨਸਿਕਤਾ ਦਾ ਸ਼ਿਕਾਰ ਹੈ ਅਤੇ ਆਖੀਰ ਆਦਰਸ਼ਾਂ ਦਾ ਤਿਆਗ ਕਰਕੇ ਵਿਦੇਸ਼ ਧਨ ਕਮਾਉਣ ਤੁਰ ਪੈਂਦਾ ਹੈ। ਫਰਖੰਦਾ ਲੋਧੀ ਦੀ ਕਹਾਣੀ 'ਸੁਖ ਨਹਿਰ' ਦੀਆਂ ਮੈਂਦਾਂ, ਸ਼ੈਦਾਂ, ਮੀਨੂੰ ਤੇ ਨਰਗਸ ਵਰਗੀਆਂ ਅੱਲ੍ਹੜ ਕੁੜੀਆਂ ਨੂੰ ਪਰੰਪਰਕ ਨੈਤਿਕਤਾ ਬੰਨ੍ਹ ਮਾਰਨ ਵਿਚ ਸਫਲ ਨਹੀਂ ਹੁੰਦੀ। ਰਿਫਅਤ ਦੀ ਕਹਾਣੀ 'ਚੁੰਨੀ' ਦੀ ਮਰੀਅਮ ਚੁੰਨੀ ਦੀ ਮਿੱਥ ਨੂੰ ਤੋੜ ਕੇ ਭੋਗ-ਵਿਲਾਸੀ ਜੀਵਨ ਵੱਲ ਉਲਾਰ ਹੈ। ਜੁਬੇਰ ਰਾਣਾ ਦੀ ਕਹਾਣੀ 'ਅੱਕ ਦਾ ਬੂਟਾ' ਦੀ ਪਾਤਰ ਸ਼ੰਟੀ ਕਦੇ ਟਿੰਮੀ, ਕਦੇ ਸ਼ਾਰੀ ਅਤੇ ਕਦੇ ਲੀਜ਼ੀਆ ਦੇ ਬਦਲਦੇ ਰੂਪਾਂ ਵਿਚ ਜ਼ਿੰਦਗੀ ਦੇ ਰੰਗ-ਰਸ ਮਾਨਣ ਲਈ ਬਿਹਬਲ ਹੈ।



ਇਸ ਵੰਨਗੀ ਦੀਆਂ ਮੁੱਢਲੀਆਂ ਕਹਾਣੀਆਂ ਵਿਚ ਅੰਤ ਉੱਤੇ ਪਰੰਪਰਕ ਨੈਤਿਕ ਕਦਰਾਂ ਦੀ ਜਿੱਤ ਵਿਖਾ ਕੇ ਤਣਾਅ ਨੂੰ ਸੁਲਝਾਉਣ ਦਾ ਯਤਨ ਕੀਤਾ ਜਾਂਦਾ ਸੀ, ਜਿਵੇਂ ਅਹਿਮਦ ਸਲੀਮ ਦੀ ਕਹਾਣੀ 'ਕੱਚੇ ਕੋਠਿਆਂ ਦਾ ਗੀਤ' ਦਾ ਪਾਤਰ ਆਪਣੀ ਸ਼ਹਿਰਨ ਦੋਸਤ ਨੁਸਰਤ ਦੀ ਥਾਂ ਪਿੰਡ ਦੀ ਸਾਦਾ ਕੁੜੀ ਰਹੀਮੋ ਨਾਲ ਮੰਗਣੀ ਕਰਵਾ ਲੈਂਦਾ ਹੈ। ਪਰ ਬਾਅਦ ਦੀਆਂ ਕਹਾਣੀਆਂ ਵਿਚ ਪੂੰਜੀਵਾਦੀ ਪ੍ਰਤੀਮਾਨਾਂ ਦੀ ਚੜ੍ਹਤ ਦੇ ਅਟੱਲ ਇਤਿਹਾਸਕ ਵਰਤਾਰੇ ਅੱਗੇ ਬੇਬਸੀ ਪ੍ਰਗਟਾਈ ਗਈ ਹੁੰਦੀ ਹੈ। ਮਨਸੂਰ ਕੈਸਰ ਦੀ ਕਹਾਣੀ 'ਦਮੋਰੀਆ ਪੁਲ' ਦੇ ਪਾਤਰ ਨੂੰ ਆਧੁਨਿਕ ਜੀਵਨ-ਮੁੱਲਾਂ ਦਾ ਗਲੈਮਰ ਖਿੱਚ ਪਾਉਂਦਾ ਹੈ ਪਰ ਉਸ ਦੀ ਹਕੀਕਤ ਉਸ ਨੂੰ ਫੇਰ ਵਾਪਸ ਪਰੰਪਰਕ ਮੁੱਲਾਂ ਵੱਲ ਤੋਰਦੀ ਹੈ। ਜਦ ਉਸ ਦਾ ਬੱਚਾ ਪੋਂਡੂ ਮੇਲਾ ਵੇਖ ਕੇ ਆਖਦਾ ਹੈ :

> "ਮੇਲਾ ਇਹ ਤੇ ਨਹੀਂ ਹੁੰਦਾ, ਮੇਲਾ ਤੇ ਉਹ ਹੁੰਦਾ ਏ ਜਿਹੜਾ ਆਂਟੀ ਨਾਲ ਅਸੀਂ ਕਲੱਬ ਵਿਚ ਵੇਖਦੇ ਹੋਨੇ ਆਂ"

ਤਾਂ ਉਸ ਦੇ ਬਾਪ ਦੀ ਬੇਬਸੀ ਵੇਖਣ ਯੋਗ ਹੈ :

> "ਫੈਸ਼ਨ ਪਰੇਡ ਨੂੰ ਮੇਲਾ ਸਮਝਣ ਵਾਲੇ ਪੁੱਤਰ ਨੂੰ ਵੇਖ ਕੇ ਮੇਰਾ ਦਿਲ ਇੰਜ ਕੀਤਾ ਕਿ ਮੈਂ ਉਸ ਦਮੋਰੀਆ ਪੁਲ ਨੂੰ ਪੱਥਰਾਂ ਨਾਲ ਚਿਣ ਦੇਵਾਂ ਜਿਥੋਂ ਮੈਂ ਸਮਾਨ ਲੈ ਕੇ ਬਾਹਰ ਨਿਕਲ ਗਿਆ ਸਾਂ"

ਇਹਨਾਂ ਕਹਾਣੀਆਂ ਦਾ ਸਭ ਤੋਂ ਮਹੱਤਵਪੂਰਨ ਪੱਖ ਔਰਤ ਦੀ ਚੇਤਨਾ ਵਿਚ ਆਇਆ ਪਰਿਵਰਤਨ ਹੈ। ਉਹ ਉਸ ਗੁਨਾਹ-ਭਾਵਨਾ ਤੋਂ ਮੁਕਤ ਹੋ ਰਹੀ ਹੈ ਜਿਹੜੀ ਉਸ ਅੰਦਰ ਆਪਣੇ ਮਨੋਭਾਵਾਂ ਦੇ ਸਵੈ-ਪ੍ਰਗਟਾਵੇ ਨਾਲ ਪੈਦਾ ਹੁੰਦੀ ਸੀ।

ਕਹਿਕਸ਼ਾਂ ਮਲਿਕ ਦੀ ਕਹਾਣੀ 'ਜਨਰੇਸ਼ਨ ਗੈਪ' ਅਤੇ ਫਰਖੰਦਾ ਲੋਧੀ ਦੀਆਂ ਬਹੁਤ ਸਾਰੀਆਂ ਕਹਾਣੀਆਂ ਔਰਤ ਦੀ ਨਵੀਂ ਚੇਤਨਾ ਨੂੰ ਅਭਿਵਿਅਕਤ ਕਰਨ ਵਾਲੀਆਂ ਹਨ।

ਪੱਛਮੀ ਜੀਵਨ-ਪ੍ਰਤੀਮਾਨਾਂ ਅਤੇ ਸਥਾਨਕ ਪਰੰਪਰਕ ਕਦਰਾਂ ਦੇ ਤਣਾਅ ਨੂੰ ਪੇਸ਼ ਕਰਨ ਵਾਲੀਆਂ ਬਹੁਤੀਆਂ ਕਹਾਣੀਆਂ ਦੀ ਮੁੱਖ ਕਮਜ਼ੋਰੀ ਇਹ ਹੈ ਕਿ ਇਹਨਾਂ ਵਿਚ ਕਿਤੇ ਵੀ ਕਾਰਜ ਵਾਪਰਦਾ ਨਜ਼ਰ ਨਹੀਂ ਆਉਂਦਾ ਸਗੋਂ ਕੇਵਲ ਉਸ ਦਾ ਬਿਆਨ ਹੀ ਕੀਤਾ ਜਾਂਦਾ ਹੈ। ਸਿੱਟੇ ਵਜੋਂ ਇਹ ਕਹਾਣੀਆਂ ਨਾਟਕੀ-ਬਿਰਤਾਂਤ ਦੀ ਥਾਂ ਸਰਲ ਅਤੇ ਪ੍ਰਗੀਤਕ ਬਿਰਤਾਂਤ ਦੀਆਂ ਧਾਰਨੀ ਹਨ। ਇਹਨਾਂ ਦੀ ਪ੍ਰਧਾਨ ਕਥਾ-ਜੁਗਤ ਰੈਟਰੀਕਲ-ਬਿਰਤਾਂਤ ਦੀ ਹੀ ਹੈ। ਸਲੀਮ ਖਾਂ ਗਿੰਮੀ ਦੀ ਕਹਾਣੀ 'ਕੋਟ ਮੂਲੂ ਸਕੂਲ' ਵਰਗੀਆਂ ਕੁੱਝ ਕੁ ਕਹਾਣੀਆਂ ਹੀ ਉਪਰੋਕਤ ਧਾਰਨਾ ਦਾ ਅਪਵਾਦ ਹਨ।

ਪਾਕਿਸਤਾਨੀ ਪੰਜਾਬੀ ਕਹਾਣੀ ਦੀ ਗਲਪ-ਦ੍ਰਿਸ਼ਟੀ ਨੂੰ ਇਕਾਗਰਕਾਰੀ ਨੇਮ ਪ੍ਰਦਾਨ ਵਾਲਾ ਤੀਜਾ ਮੁੱਖ ਮਸਲਾ ਉਥੋਂ ਦੀਆਂ ਖੇਤਰੀ ਕੌਮੀਅਤਾਂ ਦੇ ਵਿਰੋਧਾਤਮਕ ਅੰਤਰ-ਸਬੰਧਾਂ ਦੀ ਪਛਾਣ ਨਾਲ ਸਬੰਧਿਤ ਹੈ। ਇਹ ਮਸਲਾ ਪਹਿਲਾਂ ਵਰਨਣ ਕੀਤੇ ਗਏ ਦੋਹਾਂ ਮਸਲਿਆਂ ਨਾਲੋਂ ਵਧੇਰੇ ਵਸਤੂਮੁਖੀ (Objective) ਵਿਸ਼ਵ-ਦ੍ਰਿਸ਼ਟੀ ਦੀ ਮੰਗ ਕਰਦਾ

ਹੈ । ਪਾਕਿਸਤਾਨ ਦੇ ਲੋਕਾਂ ਦਾ ਵਿਅਕਤੀਗਤ ਅਤੇ ਸਮੂਹਿਕ ਅਸਤਿਤਵੀ ਸੰਕਟ ਇਸ ਮਸਲੇ ਨਾਲ ਜੁੜਿਆ ਹੋਇਆ ਹੈ ।

ਵਿਅਕਤੀਗਤ ਅਤੇ ਉਪ-ਖੇਤਰੀ ਅਸੁਰੱਖਿਆ ਦੀ ਭਾਵਨਾ ਨੇ ਪਾਕਿਸਤਾਨੀ ਲੋਕਾਂ ਦਾ 'ਦੇਸ਼ ਦੇ ਨਿਰਮਾਣ' ਦਾ ਸਾਂਝਾ ਉਦੇਸ਼ ਖੋਹ ਲਿਆ ਹੈ । ਪਾਕਿਸਤਾਨੀ ਪੰਜਾਬੀ ਕਹਾਣੀਕਾਰ ਦੀ ਗਲਪ-ਦ੍ਰਿਸ਼ਟੀ ਨੂੰ ਵਸਤੂਮੁਖੀ ਨਾ ਬਣਨ ਦੇਣ ਵਾਲੀ ਉਹ ਦਵੰਦ-ਚੇਤਨਾ ਹੈ ਜਿਹੜੀ ਖੇਤਰੀ ਅਤੇ ਕੌਮੀ ਹਿੱਤਾਂ ਦੇ ਤਣਾਅ ਦੀ ਉਪਜ ਹੈ । ਇਹ ਭੱਖਦਾ ਮਸਲਾ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਅਜੇ ਸੰਕੇਤ ਮਾਤਰ ਹੀ ਆਇਆ ਹੈ । ਇਸ ਪ੍ਰਸੰਗ ਵਿਚ ਅਨਵਰ ਅਲੀ ਦੀ ਕਹਾਣੀ 'ਸਾਈਕਲ ਦਾ ਫਰੇਮ' ਉਲੇਖਯੋਗ ਹੈ । ਇਹ ਕਹਾਣੀ ਇਕ 'ਸ਼ੇਖ ਮੰਜ਼ਿਲ' ਨਾਂ ਦੀ ਬਿਲਡਿੰਗ ਦੇ ਵਰਨਣ ਨਾਲ ਸ਼ੁਰੂ ਹੁੰਦੀ ਹੈ ਜੋ ਕਿ ਪਾਕਿਸਤਾਨ ਦਾ ਪ੍ਰਤੀਕ ਹੈ । ਇਸ ਵਿਚ "ਮਕਾਨ ਮਾਲਕ ਸ਼ੇਖ ਮੁਹੰਮਦ ਹੁਸੈਨ, ਇਕ ਸਰਕਾਰੀ ਅਫਸਰ, ਇਕ ਹਾਫ਼ਿਜ, ਇਕ ਹਕੀਮ, ਇਕ ਦਾਈ, ਇਕ ਹੈੱਡ ਮਾਸਟਰ ਅਤੇ ਇਕ ਗਰੀਬ ਗੁਨਾਹਗਾਰ (ਬਿਰਤਾਂਤਕਾਰ) ਰਹਿੰਦੇ ਹਨ ।" ਇਮਾਰਤ ਦੇ ਸਾਂਝੇ ਅਹਾਤੇ ਵਿਚ ਰਾਤ ਨੂੰ ਕੋਈ ਸਾਈਕਲ ਦਾ ਫਰੇਮ ਸਿੱਟ ਜਾਂਦਾ ਹੈ ਜਿਸ ਨੂੰ ਚੋਰੀ ਦਾ ਸਮਝ ਕੇ ਸਭ ਜਣੇ ਆਉਣ ਵਾਲੀ ਆਫ਼ਤ ਤੋਂ ਡਰਦੇ ਆਪਣੇ-ਆਪਣੇ ਖੋਲ ਵਿਚ ਵੜ ਕੇ ਦੁੱਖ ਭੋਗਦੇ ਹਨ ਪਰ ਮਸਲੇ ਦੇ ਹੱਲ ਲਈ ਕੋਈ ਸਮੂਹਿਕ ਯਤਨ ਨਹੀਂ ਕਰਦੇ ।

ਇਸ ਕਹਾਣੀ ਵਿਚੋਂ ਪਾਕਿਸਤਾਨੀ ਸਮਾਜ ਦਾ ਰਾਜਸੀ ਅਤੇ ਸਭਿਆਚਾਰਕ ਅਵਚੇਤਨ ਬੜੇ ਕਲਾਤਮਕ ਢੰਗ ਨਾਲ ਸਾਕਾਰ ਹੁੰਦਾ ਹੈ । ਇਹ ਕਹਾਣੀ ਪ੍ਰਤੀਰੂਪਕ ਗਲਪ-ਬਿੰਬ ਉਸਾਰਨ ਵੱਲ ਪੁੱਟਿਆ ਇਕ ਸਾਰਥਕ ਕਦਮ ਹੈ ।

ਪਰ ਸਮੁੱਚੇ ਤੌਰ ਤੇ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਦ੍ਰਿਸ਼ਟੀਕੋਣ ਅਤੇ ਆਦਰਸ਼-ਵਾਦੀ-ਰੁਮਾਂਸਵਾਦੀ ਹੀ ਹੈ । ਅਜੇ ਡਾ. ਅਤਰ ਸਿੰਘ ਦੀ ਇਸ ਧਾਰਨਾ ਨਾਲ ਸਹਿਮਤ ਹੋਣਾ ਔਖਾ ਹੈ :

> ਪਾਕਿਸਤਾਨੀ ਪੰਜਾਬੀ ਕਹਾਣੀ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬੜਾ ਪ੍ਰੌੜ ਅਤੇ ਉਪਭਾਵੁਕਤਾ ਤੋਂ ਮੁਕਤ ਹੈ । ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਨੇ ਸਸਤੀ ਸਿੱਖਿਆ-ਦੀਖਿਆ ਦੀ ਥਾਂ ਆਪਣੀਆਂ ਕਹਾਣੀਆਂ ਵਿਚ ਮਨੁੱਖੀ ਹੋਂਦ ਤੇ ਅਣਹੋਂਦ ਦੇ ਮੂਲ ਸਵਾਲਾਂ ਨੂੰ ਹੱਥ ਪਾਉਣ ਦਾ ਯਤਨ ਕੀਤਾ ਹੈ...... ਇਹਨਾਂ ਲੇਖਕਾਂ ਦੇ ਦ੍ਰਿਸ਼ਟੀਕੋਣ ਉੱਤੇ ਕਿਸੇ ਪ੍ਰਕਾਰ ਦੀ ਧਾਰਮਿਕ ਜਾਂ ਰਾਜਨੀਤਿਕ ਵਿਚਾਰਧਾਰਾ ਦਾ ਕੋਈ ਪ੍ਰਭਾਵ ਨਹੀਂ ਹੈ ।[1]

ਪਾਕਿਸਤਾਨ ਵਿਚ ਸਨਅਤੀ ਪਿਛੜੇਵਾਂ, ਤਾਨਾਸ਼ਾਹੀ ਰਾਜਨੀਤਿਕ ਸ਼੍ਰੇਣੀ ਵਲੋਂ ਰੂੜ੍ਹ ਇਸਲਾਮੀ ਚੇਤਨਾ ਦਾ ਪ੍ਰਸਾਰ, ਸਾਮੰਤੀ ਸੋਪਾਨਤੰਤਰੀ (ਹਿਰਾਰਕੀਕਲ) ਵਿਵਸਥਾ ਦੀਆਂ ਡੂੰਘੀਆਂ ਜੜ੍ਹਾਂ ਅਤੇ ਵਿਦਿਅਕ ਘਾਟ ਆਦਿ ਕਾਰਣ ਅਜਿਹੇ ਹਨ ਜਿਹੜੇ



ਯਥਾਰਥਵਾਦੀ ਗਲਪ-ਦ੍ਰਿਸ਼ਟੀ ਦੇ ਉਦਗਮ ਅਤੇ ਪਨਪਣ ਦੇ ਰਾਹ ਵਿਚ ਵੱਡੀ ਰੁਕਾਵਟ ਹਨ । ਇਸ ਔਖੇ ਰਾਹ ਨੂੰ ਪਾਰ ਕਰਕੇ ਹੀ ਪਾਕਿਸਤਾਨੀ ਪੰਜਾਬੀ ਕਹਾਣੀ ਪਾਕਿਸਤਾਨੀ ਸਮਾਜ ਦੀਆਂ ਵਿਭਿੰਨ ਵਿਸੰਗਤੀਆਂ (Contradictions) ਦਾ ਯਥਾਰਥਕ ਬੋਧ ਕਰਾਉਣ ਦੇ ਸਮਰੱਥ ਹੋ ਸਕੇਗੀ ।

(ਪੰਜਾਬੀ ਯੂਨੀਵਰਸਿਟੀ ਪਟਿਆਲਾ)

## ਟਿੱਪਣੀਆਂ ਤੇ ਹਵਾਲੇ


1. ਡਾ. ਕਰਨੈਲ ਸਿੰਘ ਥਿੰਦ, (ਸੰਪਾ:), **ਰਾਵੀਓਂ ਪਾਰ,** ਪੰਨਾ 2
2. ਸ਼ਾਹੀਨ ਮਲਿਕ, (ਸੰਪਾ:), **ਪਾਕਿਸਤਾਨੀ ਪੰਜਾਬੀ ਕਹਾਣੀ,** ਪੰਨਾ 5
3. ਡਾ. ਅਮਰਜੀਤ ਕੌਰ, **ਪੰਜਾਬੀ ਗਲਪ ਦੀਆਂ ਨਵੀਆਂ ਸਰਹੱਦਾਂ,** ਪੰਨਾ 111
4. ਦਰਸ਼ਨ ਸਿੰਘ ਅਵਾਰਾ, (ਸੰਪਾ:), **ਪਾਕਿਸਤਾਨ ਦੀ ਅਜੋਕੀ ਪੰਜਾਬੀ ਕਹਾਣੀ,** ਭਾਸ਼ਾ ਵਿਭਾਗ ਪੰਜਾਬ, 1970

   —ਸ਼ਾਹੀਨ ਮਲਿਕ, (ਸੰਪਾ:), **ਵਾਘਿਓਂ ਪਾਰ,** ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ, ਨਵੀਂ ਦਿੱਲੀ, 1982

   —ਡਾ. ਕਰਨੈਲ ਸਿੰਘ ਥਿੰਦ, (ਸੰਪਾ:), **ਰਾਵੀਓਂ ਪਾਰ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1987

   —ਸ਼ਾਹੀਨ ਮਲਿਕ, **ਪਾਕਿਸਤਾਨੀ ਪੰਜਾਬੀ ਕਹਾਣੀ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1988

   —ਕੁੱਝ ਕਹਾਣੀਆਂ ਰਵਿੰਦਰ ਰਵੀ ਦੁਆਰਾ ਸੰਪਾਦਿਤ **ਵਿਸ਼ਵ ਪੰਜਾਬੀ ਸਾਹਿਤ** ਅਤੇ **ਇੰਟਰਨੈਸ਼ਨਲ ਪੰਜਾਬੀ ਸਾਹਿਤ** ਵਿਚ ਵੀ ਛਪ ਚੁੱਕੀਆਂ ਹਨ ।
5. ਸ਼ਾਹੀਨ ਮਲਿਕ, ਉਹੀ ਰਚਨਾ, ਪੰਨਾ 5
6. ਉਹੀ, ਪੰਨਾ 2
7. Dr. Jameel Jalibi, Pakistan—The Indentity of culture, P.2
8. ਡਾ. ਅਤਰ ਸਿੰਘ, ਸਾਹਿਤ-ਸੰਵੇਦਨਾ, ਪੰਨਾ 217
9. ਸ਼ਾਹੀਨ ਮਲਿਕ, ਉਹੀ ਰਚਨਾ, ਪੰਨਾ 4
10. Dr. Jameel Jalibi, Ibid, P. 112
11. ਡਾ. ਅਤਰ ਸਿੰਘ, ਉਹੀ ਰਚਨਾ, ਪੰਨਾ 221


—o—

## ਕਵੀਆਂ ਦੇ ਕੋਲ ਕੋਲ

ਹਰਭਜਨ ਸਿੰਘ ਹੁੰਦਲ

ਪੰਜਾਬੀ ਵਿਚ ਕਵਿਤਾ ਦੀਆਂ ਪੁਸਤਕਾਂ ਬਾਕੀ ਸਭ ਸਾਹਿਤ-ਰੂਪਾਂ ਨਾਲੋਂ ਵੱਧ ਛਪਦੀਆਂ ਹਨ, ਪਰ ਵਿਕਦੀਆਂ ਸਭ ਤੋਂ ਘੱਟ ਹਨ ? ਇਸ ਵਿਰੋਧਾ-ਭਾਸ ਦਾ ਆਖ਼ਰ ਕਾਰਨ ਕੀ ਹੈ ? ਕੀ ਪੰਜਾਬੀ ਦੀ ਨਵੀਂ ਕਵਿਤਾ ਲੋਕਾਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਪ੍ਰਤੀ ਬੇ-ਨਿਆਜ਼ ਹੋ ਗਈ ਹੈ ? ਜਾਂ ਕੀ ਕਵਿਤਾ ਦੇ ਰੂਪ ਹੀ ਅਜੇਹੇ ਪ੍ਰਚਲਤ ਹੋ ਗਏ ਹਨ ਕਿ ਉਹ ਲੋਕਾਂ ਨੂੰ ਸਮਝ ਹੀ ਨਹੀਂ ਆਉਂਦੇ ? ਕੀ ਰੇਡੀਓ ਤੇ ਟੀ. ਵੀ. ਨੇ ਕਵਿਤਾ-ਪਾਠ ਜਾਂ ਕਵੀ-ਦਰਬਾਰਾਂ ਦੀ ਥਾਂ ਲੈ ਲਈ ਹੈ ? ਇਸ ਚਿੰਤਾਜਨਕ ਸਥਿਤੀ ਦੇ ਇਕ ਤੋਂ ਵਧੀਕ ਕਾਰਨ ਹਨ ਤੇ ਹਰ ਪ੍ਰਸ਼ਨ ਵਿਚ ਸਚਾਈ ਦੇ ਕੁਝ ਅੰਸ਼ ਹਾਜ਼ਰ ਹਨ ।

ਅੱਜ ਕੱਲ੍ਹ ਕਵਿਤਾ ਦੀ ਪੁਸਤਕ ਦੀ ਛਪਣ ਗਿਣਤੀ ਔਸਤਨ ਤਿੰਨ ਸੌ ਹੈ । ਸੌ ਕਾਪੀ ਲੇਖਕ ਦੀ, ਸੌ ਪ੍ਰਕਾਸ਼ਕ ਦੀ ਤੇ ਸੌ ਦੋਹਾਂ ਧਿਰਾਂ ਤੋਂ ਬਿਨਾਂ ਬਾਕੀ ਸਾਰੀਆਂ ਸੰਸਥਾਵਾਂ ਦੀ । ਪੁਸਤਕ ਛਪਣ ਤੇ ਰੀਲੀਜ਼ ਸਮਾਗਮ ਹੁੰਦੇ ਹਨ ਦੋ ਦੋ ਤਿੰਨ ਵਾਰ ਫਿਰ, ਗੋਸ਼ਟੀ, ਰੀਵੀਊ, ਸਨਮਾਨ ਸਮਾਗਮ ਤੇ ਅਖੀਰ ਇਹਨਾਂ ਸਬੰਧੀ ਅਖਬਾਰਾਂ-ਰਿਸਾਲਿਆਂ ਵਿਚ ਖਬਰਾਂ ! ਸਿਤਮ ਇਹ ਕਿ ਸਭ ਸਮਾਗਮਾਂ ਵਿਚ ਪਾਠਕ ਗੈਰ ਹਾਜ਼ਰ ਹੁੰਦਾ ਹੈ ।

ਇਸ ਸਥਿਤੀ ਬਾਰੇ ਸੋਚਦਿਆਂ ਮੈਂ ਮਿੱਤਰ-ਕਵੀਆਂ ਵੱਲੋਂ ਰੀਵੀਊ ਜਾਂ ਪਿਆਰ ਭੇਟਾਂ ਵਜੋਂ ਆਈਆਂ ਪੁਸਤਕਾਂ ਦਾ ਪਾਠ ਆਰੰਭ ਕਰਦਾ ਹਾਂ ਤਾਂ ਮੈਨੂੰ ਅਲੈਕਸੀ ਟਾਲਸਟਾਏ ਦੀ ਉਹ ਟੂਕ ਯਾਦ ਆਉਂਦੀ ਹੈ, ਜਿਹੜੀ ਉਸ ਨੇ ਪੁਸਤਕਾਂ ਛਪਣ ਦੀ ਕਾਹਲ ਜਾਂ ਬੇਸਬਰੀ ਬਾਰੇ ਲਿਖੀ ਸੀ ।

"ਬੇਸਬਰੀ ਦੀ ਰੁੱਚੀ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ......ਕਾਹਲ ਮਾੜੀ ਗੱਲ ਹੈ । ਕਾਗਜ਼ ਉੱਤੇ ਜਜ਼ਬੇ ਦਾ ਏਨਾ ਛੱਟਾ ਦਿੱਤਾ ਗਿਆ ਹੈ ਤੇ ਉਹ ਵੀ ਕਾਹਦੇ ਲਈ ? ਕਿਤਾਬ ਸੰਖੇਪ ਜਿਹਾ ਮੂੰਹ ਵਿਖਾਵਾ ਕਰਦੀ ਹੈ, ਹਿਲ ਜੁੱਲ ਪੈਦਾ ਹੁੰਦੀ ਹੈ, ਤੇ ਭੁਲਾਏ ਜਾਣ ਲਈ ਛਿਪਨ ਹੋ ਜਾਂਦੀ ਹੈ, ਸਿਰਫ ਏਸ ਕਾਰਨ ਕਿ ਇਹ ਬਿਨਾਂ ਸੋਚ-ਵਿਚਾਰ ਅਤੇ ਬਿਨਾਂ ਪਾਲਿਸ਼ ਕੀਤੇ ਤੋਂ ਛਾਪੀ ਗਈ ਸੀ ।" (ਲਿਖਣ ਦੀ ਕਲਾ ਤੇ ਸ਼ਿਲਪ ਪੰਨਾ 176)

ਲੋਕਾਂ ਦੀ ਰੁਚੀ ਕਵਿਤਾ ਪੜ੍ਹਨ ਤੋਂ ਕਿਉਂ ਘਟ ਰਹੀ ਹੈ ? ਯਵਤੂਸ਼ੈਂਕੂ ਦਾ ਉੱਤਰ ਹੈ, ਬਹੁਤੇ ਲੋਕ ਕਵਿਤਾ ਨੂੰ ਵੇਖ ਕੇ ਅਣਡਿੱਠ ਕਰਦੇ ਹਨ, ਕਿਉਂਕਿ ਬਹੁਤੀ ਕਵਿਤਾ, ਬਹੁਤੇ ਲੋਕਾਂ ਨੂੰ ਨਜ਼ਰ-ਅੰਦਾਜ਼ ਕਰਦੀ ਹੈ ।"

ਅੱਜ ਦੀ ਵਿਚਾਰ-ਚਰਚਾ ਦਾ ਪਹਿਲਾ ਕਵੀ ਹੈ ਡਾ.-ਅੰਬਰੀਸ਼ । ਪੁਸਤਕ ਹੈ, "ਪਹੀਆ ਚਿੜੀ ਤੇ ਆਸਮਾਨ ।" ਪੁਸਤਕ ਭਾਵੇਂ 1991 ਵਿਚ ਮੈਨੂੰ ਪ੍ਰਮਿੰਦਰਜੀਤ ਰਾਹੀਂ ਪ੍ਰਾਪਤ ਹੋਈ ਸੀ, ਪਰ ਟਿੱਪਣੀ ਨਾ ਕੀਤੇ ਜਾਣ ਕਾਰਨ ਇਹ ਮੈਨੂੰ ਰੜਕਦੀ ਰਹੀ ਹੈ । ਚੰਗੀ ਕਵਿਤਾ ਦੀ ਇਹੋ ਨਿਸ਼ਾਨੀ ਹੈ ਕਿ ਇਹ ਮਨ 'ਚ ਖੁੱਭ ਜਾਂਦੀ ਹੈ ।

ਡਾਕਟਰ ਦਾ ਅਨੁਭਵ ਨਵਾਂ ਹੈ ਤੇ ਉਸ ਦੇ ਕਾਵਿ-ਅੰਦਾਜ ਵਿਚ ਸਹਿਜਤਾ ਅਥਵਾ



ਕੁਦਰਤੀ-ਪਨ ਹੈ । ਪਹਿਲੀ ਵਾਰ ਉਹਨਾਂ ਵਿਸ਼ਿਆਂ ਦਾ ਪੰਜਾਬੀ ਕਵਿਤਾ ਵਿਚ ਜ਼ਿਕਰ ਆਇਆ ਹੈ, ਜਿਨ੍ਹਾਂ ਬਾਰੇ ਕੁਝ ਦਹਾਕੇ ਪਹਿਲਾਂ ਕਵੀਆਂ ਨੇ ਕਦੇ ਸੋਚਿਆ ਵੀ ਨਹੀਂ ਸੀ । ਭਲਾ ਕਦੇ ਕਵੀ ਨੇ ਪੈਰਾਂ ਹੇਠ ਮਿੱਧੇ ਜਾਂਦੇ ਘਾਹ ਬਾਰੇ, ਪਤਨੀ ਵਲੋਂ ਨਵੇਂ ਪਾਏ ਗਏ ਅੰਬ ਦੇ ਅਚਾਰ ਬਾਰੇ ਜਾਂ ਮੂਲੀਆਂ ਧੋਂਦੀਆਂ ਔਰਤਾਂ ਬਾਰੇ ਕਵਿਤਾਵਾਂ ਲਿਖੀਆਂ ਸਨ ? ਕਦੇ ਕਿਸੇ ਨੇ ਕਤਾਰ ਬਣਾ ਕੇ ਖੁਰਾਕ ਲੱਭਣ ਤੁਰੀਆਂ ਕੀੜੀਆਂ ਬਾਰੇ ਲਿਖਣ ਦਾ ਸੁਪਨਾ ਵੀ ਲਿਆ ਸੀ ? ਹਰ ਚੰਗਾ ਕਵੀ ਨਵਾਂ ਅਨੁਭਵ ਲੈ ਕੇ ਆਉਂਦਾ ਹੈ ਤੇ ਹਰ ਚੰਗੇ ਕਵੀ ਦੀ ਸ਼ੈਲੀ ਅਥਵਾ ਅੰਦਾਜ਼ ਵੀ ਨਿਵੇਕਲਾ ਹੁੰਦਾ ਹੈ ।

ਅਚਾਰ ਪਾ ਰਹੀ ਹੈ ਮੇਰੀ ਬੀਵੀ,
ਮਹਿਫ਼ੂਜ਼ ਕਰ ਰਹੀ ਹੈ
ਪੂਰਾ ਇੱਕ ਵਰ੍ਹਾ ।

ਇਸ ਪਰਾਗੇ ਦਾ ਦੂਸਰਾ ਕਵੀ ਹੈ ਪਟਿਆਲੇ ਦਾ ਅਨੂਪ ਵਿਰਕ । ਸੰਗ੍ਰਹਿ ਦਾ ਨਾਂ ਹੈ; "ਮਾਟੀ ਰੁਦਨ ਕਰੇਂਦੀ ਯਾਰ" ਭਾਵ ਪੰਜਾਬ ਰੋ ਰਿਹਾ ਹੈ । ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਇਸ ਪੰਜਾਬ ਨੂੰ ਕਿਸ ਨੇ ਰੁਆਇਆ ਹੈ ? ਕੇਂਦਰ ਨੇ ? ਅਕਾਲੀਆਂ ਨੇ, ਧਾਰਮਕ ਜਨੂੰਨੀਆਂ ਨੇ ਜਾਂ ਸਾਮਰਾਜੀਆਂ ਨੇ । ਪਰ ਕਵੀ ਇਹਨਾਂ ਪ੍ਰਸ਼ਨਾਂ ਦੇ ਠੀਕ ਉਤਰ ਲੱਭਣ ਵੱਲ ਨਹੀਂ ਤੁਰਦਾ । ਉਸ ਨੂੰ ਰੋਂਦੀਆਂ ਮਾਵਾਂ ਵਿਖਾਲੀ ਦਿੰਦੀਆਂ ਹਨ । ਮਾਵਾਂ ਦੇ ਪੁੱਤਰ ਕਿਸ ਨੇ ਮਾਰੇ ਹਨ, ਪੌਲੀਸ ਨੇ ਜਾਂ ਮੂਲਵਾਦੀ, ਭਟਕੇ ਕਾਤਲਾਂ ਨੇ ?

ਵਿਰਕ ਦੀ ਵਿਸ਼ੇਸ਼ਤਾ ਉਸ ਦੀ ਸੰਗੀਤ-ਮਈ ਸ਼ਾਇਰੀ ਕਾਰਨ ਹੈ । ਉਹ ਕਵਿਤਾ ਦੀ ਲੋਕਾਂ ਨਾਲੋਂ ਟੁੱਟੀ ਯਾਰੀ ਗੰਢਣ ਵਾਲਾ ਸ਼ਾਇਰ ਹੈ । ਲੋਕ-ਗੀਤਾਂ ਦੀਆਂ ਹਰਮਨ ਪਿਆਰੀਆਂ ਧੁਨਾਂ. ਸੂਫ਼ੀ ਕਵੀਆਂ ਦਾ ਵਡਮੁੱਲਾ ਵਿਰਸਾ, ਉਸ ਦੀ ਸ਼ੈਲੀ ਦਾ ਪ੍ਰੇਰਨਾ-ਸਰੋਤ ਹਨ । ਉਹ ਸੁਹਜ ਦੀ ਸਿਰਜਣਾ ਕਰਦਾ ਹੈ, ਸਲੀਕੇ ਨਾਲ ਗੱਲ ਕਰਦਾ ਹੈ । ਉਸ ਦੀ ਗੱਲ ਏਨਾ ਪ੍ਰਭਾਵਤ ਨਹੀਂ ਕਰਦੀ, ਜਿੰਨਾ ਉਸ ਦਾ ਕਾਵਿਮਈ ਅੰਦਾਜ਼ ਪ੍ਰਭਾਵਤ ਕਰਦਾ ਹੈ । ਤਾਂ ਫਿਰ ਉਹ ਕਲਾ-ਕਲਾ ਲਈ ਦਾ ਧਾਰਨੀ ਹੈ ? ਨਹੀਂ ਉਹ ਕਵਿਤਾ ਨੂੰ, ਕਲਾ ਨੂੰ ਮਨੁੱਖੀ ਚਿੰਤਾਵਾਂ. ਫਿਕਰਾਂ, ਸਮੱਸਿਆਵਾਂ ਨੂੰ ਚਿਤਰਨ ਦਾ ਵਸੀਲਾ ਬਣਾਉਣਾ ਚਾਹੁੰਦਾ ਹੈ ।

ਦੁੱਖ ਚੰਦਰਾ ਕੁਝ ਸ਼ਾਇਰ ਪਏ ਦੇਵਣ, ਮੈਲਾ ਕਰਦੇ ਅੱਖਰਾਂ ਨੂੰ
ਮਾਵਾਂ ਦੇ ਵਿਰਲਾਪ ਨਾ ਸੁਣਦੇ, ਮੇਲਾ ਸਮਝਣ ਸੱਥਰਾਂ ਨੂੰ

ਅਕਵਿਤਾ ਦੇ ਦੌਰ ਵਿਚ ਵਿਰਕ ਕਾਵਿਕ-ਅੰਦਾਜ਼ ਤੇ ਪਹਿਰਾ ਦਿੰਦਾ ਹੈ, ਵਿਰਕ ਨੂੰ ਖੁਸ ਗਏ ਸਿੱਖ ਰਾਜ ਦਾ ਹੇਰਵਾ ਹੈ, ਉਹ ਧਾਰਮਕ ਮੁਹਾਵਰੇ ਰਾਹੀਂ ਵੀ ਗੱਲ ਕਰਦਾ ਹੈ । ਮਿੱਟੀ, ਅੱਥਰੂ, ਗੀਤ ਉਸ ਦੇ ਸਿਰਜੇ ਮੁੱਖ ਪ੍ਰਤੀਕ ਹਨ ।

ਇੱਕ ਅੱਥਰੂ ਮੇਰਾ ਉਦੋਂ ਡੁੱਲ੍ਹਿਆ, ਜਦ ਸੀ ਤੁਰ 'ਰਣਜੀਤ' ਗਿਆ,
ਦੇਸ਼ ਮਾਹੀ ਦੀ ਕਲਗੀ ਲੱਥੀ, ਪ੍ਰਦੇਸੀਂ ਵੱਸ 'ਦਲੀਪ' ਗਿਆ ।

ਉਹ ਥਾਣਿਆਂ ਵਿਚ ਲੱਥੀ ਪੱਗ ਦੀ, ਗਵਾਚੇ ਪੁੱਤਾਂ ਦੀ, ਰੋਂਦੀਆਂ ਮਾਵਾਂ ਦੀ ਗੱਲ ਕਰਦਾ ਹੈ, ਔਪਰ ਅਤਿਵਾਦੀਆਂ ਦੀ ਲੁੱਟ ਖਸੁੱਟ ਦਹਿਸ਼ਤ, ਦਰਿੰਦਗੀ, ਬਾਰੇ ਇਕ ਵੀ ਪਗਤੀ ਨਹੀਂ ਲਿਖਦਾ। ਇੰਝ ਉਸ ਦਾ ਕਾਵਿ-ਯਥਾਰਥ ਇਕ ਪਰਤੀ ਹੀ ਰਹਿ ਜਾਂਦਾ ਹੈ। ਆਓ ਆਸ ਕਰੀਏ ਕਿ ਕਵੀ ਆਪਣੇ ਅਨੁਭਵ ਨੂੰ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਬਣਾਵੇਗਾ।

ਏਸ ਲੜੀ ਦੀ ਤੀਸਰੀ ਪੁਸਤਕ ਹੈ ਬਲਦੇਵ ਬਾਵਾ ਦੀ 'ਪੰਜਾਬ ਨਾਮਾ।' ਬਲਦੇਵ ਇੰਗਲੈਂਡ ਵਸਦਾ ਇਕ ਚੰਗਾ ਪ੍ਰਵਾਸੀ ਪੰਜਾਬੀ ਕਵੀ ਹੈ, ਜਿਸ ਕੋਲ ਖੱਬੀ ਲਹਿਰ ਦੀ ਉਪਜ ਨਰੋਈ ਦਿੱਖ ਤੇ ਕਲਾ-ਕੌਸ਼ਲਤਾ ਵੀ ਹੈ। ਇਹ ਪੁਸਤਕ ਬੜੀ ਮਿਹਨਤ ਨਾਲ ਯੋਜਨਾ-ਬੱਧ ਵਿਧੀ ਅਧੀਨ ਲਿਖੀ ਗਈ ਹੈ ਤੇ ਜੰਗਨਾਮਿਆਂ ਅਥਵਾ ਕਿੱਸਿਆਂ ਦੀ ਪਰੰਪਰਾ ਅਨੁਸਾਰ ਲਿਖੀ ਹੈ। ਪੰਜਾਬ ਸਮੱਸਿਆ ਨੂੰ ਵੱਖ ਵੱਖ ਸਿਰਲੇਖਾਂ ਹੇਠ ਲਿਖਿਆ ਗਿਆ ਹੈ। ਪਹਿਲਾਂ ਮੰਗਲਾ ਚਰਨ ਹੈ, ਇਹ ਵੱਖ-ਵੱਖ ਕਾਂਡਾਂ ਦੀ ਵੰਡ। ਇਹ ਵੰਡ ਫਿਰਕੂ ਸੋਚ ਅਧੀਨ ਕੀਤੀ ਪ੍ਰਤੀਤ ਹੁੰਦੀ ਹੈ, ਜਿਵੇਂ ਕਿ 'ਸਿੱਖ ਅਤੇ ਪੰਜਾਬ', ਹਿੰਦੂ ਅਤੇ ਪੰਜਾਬ, 'ਮੁਸਲਮਾਨ ਅਤੇ ਪੰਜਾਬ', 'ਅਕਾਲੀ ਅਤੇ ਪੰਜਾਬ', 'ਖਾੜਕੂ ਅਤੇ ਪੰਜਾਬ', 'ਕਮਿਊਨਿਸਟ ਅਤੇ ਪੰਜਾਬ' ਆਦਿ ਕਾਂਡ।

ਲੇਖਕ ਪੰਜਾਬ ਤੋਂ ਦੂਰ ਬੈਠਾ ਹੈ। ਬਾਹਰ ਬੈਠੇ ਬੰਦੇ ਦੇ ਸੂਚਨਾ-ਸਾਧਨ ਵੀ ਸੀਮਤ ਹੁੰਦੇ ਹਨ ਤੇ ਗ਼ਲਤ ਪਹੁੰਚ ਅਪਣਾਏ ਜਾਣ ਦਾ ਖ਼ਤਰਾ ਵੀ ਹੁੰਦਾ ਹੈ। ਬਹੁਤ ਥਾਈਂ ਬਲਦੇਵ ਨਾਲ ਵੀ ਇੰਝ ਹੀ ਵਾਪਰਿਆ ਹੈ। ਉਸ ਦੀ ਸੂਚਨਾ ਦੇ ਸਾਧਨ ਸ਼ੰਕਿਆਂ ਭਰੇ ਵੀ ਹੋ ਸਕਦੇ ਹਨ। ਏਹੋ ਕਾਰਨ ਹੈ ਕਿ ਕਵੀ ਨੂੰ ਹਕੂਮਤੀ ਜਬਰ ਤੇ ਨਜ਼ਰ ਪੈਂਦਾ ਹੈ ਪਰ ਅਖੌਤੀ ਖਾੜਕੂਆਂ, ਕਾਤਲਾਂ ਤੇ ਧਾਰਮਿਕ ਜਨੂੰਨੀਆਂ ਦੇ ਵਹਿਸ਼ੀਕਾਰੇ ਨਜ਼ਰੀ ਨਹੀਂ ਪੈਂਦੇ। ਇਹ ਕਾਰੇ ਪਿੰਡਾਂ ਦੇ ਲੋਕਾਂ ਦੇ ਮੂੰਹੋਂ ਹੀ ਸੁਣੇ ਜਾ ਸਕਦੇ ਹਨ, ਵਤਨ ਤੋਂ ਦੂਰ ਬੈਠੇ ਬੰਦੇ ਨੂੰ ਸ਼ਾਇਦ ਇਹ ਭਾਂਤ ਸਮਝ ਵੀ ਨਾ ਪੈਣ।

ਕਵੀ ਨੇ ਰੱਬ ਦੀ ਅਰਾਧਨਾ ਕਰਕੇ ਆਪਣੀ ਖੱਬੀ ਸੋਚ ਪ੍ਰਤੀ ਭਰਮ ਵੀ ਖੜੇ ਕਰ ਦਿੱਤੇ ਹਨ। ਲਿਖਿਆ ਹੈ—

ਬੰਦਾ ਭੁਲਣਹਾਰ, ਰੱਬ ਹੈ ਬਖ਼ਸ਼ਣਹਾਰ 'ਹਿੰਦੂ ਅਤੇ ਪੰਜਾਬ' ਕਾਂਡ ਵਿਚ ਲਿਖਿਆ ਹੈ,

ਪੰਜਾਬ ਦੀ ਗੱਲ ਕਰਨ ਲੱਗਿਆਂ
ਇਹ ਕਹਿਣਾ ਠੀਕ ਹੀ ਤਾਂ ਹੈ
ਕਿ ਵਪਾਰੀਆਂ ਅਤੇ ਗੱਦਾਰਾਂ ਦੇ ਵੀ
ਦੇਸ਼ ਹੁੰਦੇ ਹਨ

ਕਵੀ ਦਾ ਸਭ ਤੋਂ ਵੱਧ ਗੁੱਸਾ 'ਕਮਿਊਨਿਸਟ ਅਤੇ ਪੰਜਾਬ' ਕਾਂਡ ਵਿਚ ਧਰਮ-ਨਿਰਪੱਖਤਾ, ਰਵਾਦਾਰੀ, ਸਹਿਣਸ਼ੀਲਤਾ ਤੇ ਦੇਸ਼ ਦੀ ਏਕਤਾ ਲਈ ਡਟਣ ਤੇ 'ਨਿਰਦੋਸ਼ ਲੋਕਾਂ ਦੇ ਹੁੰਦੇ ਕਤਲਾਂ ਦੀ ਨਿਰਭੈ ਹੋ ਕੇ ਮਜ਼ੱਹਮਤ ਕਰਨ ਵਾਲੇ ਕਮਿਊਨਿਸਟਾਂ ਵਿਰੁੱਧ



ਪ੍ਰਗਟ ਹੋਇਆ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਵਾਨੀ ਵਿਚ ਨਕਸਲਾਈਟ ਹੁੰਦਾ ਹੋਇਆ ਬਲਦੇਵ ਕੀ ਹੁਣ ਕਮਿਊਨਿਸਟ-ਵਿਰੋਧੀ ਬਣ ਖਲੋਤਾ ਹੈ। ਇਤਿਹਾਸ ਵਿਚ ਕਈ ਵਿਅਕਤੀਆਂ ਨਾਲ ਇੰਝ ਵਾਪਰਦਾ ਸੁਣੀਦਾ ਤਾਂ ਹੈ ਕਿ ਉਹ ਇਕ ਖੱਬੇ ਉਲਾਰ ਤੋਂ ਤਿਲਕਦੇ, ਦੂਸਰੇ ਸੱਜੇ ਉਲਾਰ ਦਾ ਸ਼ਿਕਾਰ ਹੋ ਜਾਂਦੇ ਹਨ। ਜ਼ਰਾ ਕਵੀ ਦੀ ਜ਼ਬਾਨੀ ਸੁਣੋ ;

ਜੋ ਰੱਤੇ ਬਾਣੇ ਪਹਿਨ ਕੇ
ਹਾਕਮ ਦੇ ਬਣ ਕੇ ਰਹਿਣਗੇ
ਲੋਕੀਂ ਕਦੇ ਤਾਂ ਕਹਿਣਗੇ
ਬੇਰੂਹ ਜਿਸਮ ਸਨ ਗਲ੍ਹ ਰਹੇ
ਹਾਸੇ ਤੁਹਾਡੇ ਤਿੱਖੜੇ
ਰਾਹ ਸਾਡੇ ਡਾਹਢੇ ਬਿੱਖੜੇ
ਉਹ ਜੀਂਦੇ ਸੰਗ ਹਕੂਮਤਾਂ
ਜੋ ਮੌਤੋਂ ਪਹਿਲਾਂ ਮਰ ਗਏ।

(ਪੰਨਾ-45)

'ਯੁੱਧ ਨੂੰ ਟਾਲਣ ਦੇ ਮਾਹਰ' ਕਾਂਡ ਕਮਿਊਨਿਸਟ-ਵਿਰੋਧਤਾ ਦੇ ਜ਼ਹਿਰ ਨਾਲ ਭਰਿਆ ਪਿਆ ਹੈ। ਇਕ ਪਾਸੇ ਕਵੀ 'ਮੁਸਲਮਾਨ ਤੇ ਪੰਜਾਬ' ਕਾਂਡ ਵਿਚ 1947 ਦੀ ਦੇਸ਼-ਵੰਡ ਨੂੰ ਬੁਰਾ ਆਖਦਾ ਹੈ ਤਾਂ ਦੂਸਰੇ ਪਾਸੇ ਅੱਜ ਦੇਸ਼ ਦੀ ਏਕਤਾ ਲਈ ਖਲੋਣ ਵਾਲਿਆਂ ਨੂੰ ਬੁਰਾ ਭਲਾ ਕਹਿ ਰਿਹਾ ਹੈ।

ਇੱਕ ਦੇਸ਼ ਦੀ ਖੰਡਤਾ
ਅਤੇ ਕਿਸੇ ਦੂਜੇ ਦੀ ਸਥਾਪਨਾ ਦਾ ਸੰਸਾ
ਤੁਹਾਨੂੰ ਕਿਉਂ ਖਾਈ ਜਾਂਦਾ ਹੈ
ਤੁਹਾਡੀ ਤਾਂ ਪਤਾ ਨਹੀਂ ਕਿਹੜੀ ਸਲਤਨਤ
ਖੁੱਸ ਜਾਣੀ ਹੈ
ਪਰ ਜ਼ਮੀਨ ਤੇ ਲਹੂ ਦਾ ਸਮੁੰਦਰ ਚੜ੍ਹੀ ਜਾਂਦਾ ਹੈ

(ਪੰਨ—49)

'ਪੱਗ' ਕਾਂਡ ਵਿਚ ਕਵੀ ਸਿੱਖ ਸ਼ਾਵਨਵਾਦ ਦਾ ਸ਼ਿਕਾਰ ਹੋ ਕੇ ਲਿਖਦਾ ਹੈ ;

ਲੱਖ ਤਸੀਹੇ ਝੱਲੇ ਜੱਗ ਤੇ ਕੌਮਾਂ ਨੇ
ਜਿਹੜੇ ਪੱਗ ਨੇ ਝੱਲੇ ਉਹ ਲਾਸਾਨੀ ਹਨ
ਅਮਰ ਲਹੂ ਜੋ ਮਾਨਵਤਾ ਲਈ ਡੁੱਲ੍ਹਿਆ ਹੈ
ਬਾਕੀ ਜੋ ਵੀ ਡੁੱਲ੍ਹੇ ਸਾਰੇ ਫ਼ਾਨੀ ਹਨ। (ਪੰਨਾ—59)

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਸੰਸਾਰ ਦੇ ਇਤਿਹਾਸ ਵਿਚ ਸਿਰਫ ਸਿੱਖਾਂ ਨੇ ਹੀ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਤੇ ਦੁੱਖ ਝੱਲੇ ਹਨ ?

ਦੂਰ ਕੀ ਜਾਣਾ ਹੈ। ਪੁੱਛਿਆ ਜਾ ਸਕਦਾ ਹੈ ਕਿ ਕੀ ਅਮਰੀਕੀ ਸਾਮਰਾਜ ਦੇ ਵਿਰੁੱਧ ਲੜਦਿਆਂ ਵੀਤਨਾਮ ਦ ਲੋਕਾਂ ਜਾਂ ਫਲਸਤੀਨੀਆਂ ਨੇ ਸਿੱਖਾਂ ਨਾਲੋਂ ਘੱਟ ਦੁਖ ਝੱਲੇ ਹਨ ?

ਉਂਝ ਇਸ ਕਾਂਡ ਵਿਚ ਕਵੀ ਨੇ ਆਪਣੇ "ਖਾੜਕੂ ਭਰਾਵਾਂ" ਨੂੰ ਨਸੀਹਅਤਾਂ ਵੀ ਬੜੀਆਂ ਦਿੱਤੀਆਂ ਹਨ। ਪਰ ਉਹਨਾਂ ਦੀਆਂ ਕਾਲੀਆਂ ਕਰਤੂਤਾਂ ਬਾਰੇ ਚੁੱਪ ਵੱਟੀ ਰੱਖੀ ਹੈ।

ਪਰ ਇਸ ਪੁਸਤਕ ਦੇ ਨਰੋਈ ਦਿੱਖ ਵਾਲੇ ਕਾਂਡ ਵੀ ਹਨ, ਜਿੱਥੇ ਕਵੀ ਨੇ ਸੋਚ ਦਾ ਸੰਤੁਲਨ ਵੀ ਕਾਇਮ ਰੱਖਿਆ ਹੈ ਤੇ ਚੰਗੀ ਸ਼ਾਇਰੀ ਦੇ ਪ੍ਰਮਾਣ ਵੀ ਦਿੱਤੇ ਹਨ। ਇਹ ਕਾਂਡ ਪੁਸਤਕ ਦੇ ਮਗਰਲੇ ਅੱਧ ਤੋਂ ਬਾਅਦ ਆਰੰਭ ਹੁੰਦੇ ਹਨ। ਜਦੋਂ ਕਵੀ ਆਪਣੀ ਅੱਲੜ, ਫਿਰਕੂ ਤੇ ਕਮਿਊਨਿਸਟ-ਵਿਰੋਧੀ ਸਿਆਸਤ ਨੂੰ ਤਿਆਗ ਸਮੁੱਚੇ ਪੰਜਾਬ ਤੇ ਇਸ ਦੇ ਧਰਮ-ਨਿਰਪੱਖ ਤੇ ਲੋਕਰਾਜੀ ਵਿਰਸੇ ਦੀ, ਭਾਈਚਾਰਕ ਸਾਂਝਾਂ ਦੀ, ਆਜ਼ਾਦੀ ਸੰਗਰਾਮ ਵਿਚ ਡੁੱਲੇ ਪੰਜਾਬੀਆਂ ਦੇ ਸਾਂਝੇ ਲਹੂ ਦੀ ਗੱਲ ਕਰਦਾ ਹੈ।

'ਪਰਵਾਸ ਅਤੇ ਪੰਜਾਬ' ਕਾਂਡ ਵਿਚ ਕਵੀ ਬਗਾਨੀ ਧਰਤੀ ਤੇ ਪਰਵਾਸੀਆਂ ਦੁਆਰਾ ਭੋਗੇ ਸੰਤਾਪ ਦੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਵਿਚ ਤਾਂ ਹੀ ਸਫਲ ਹੋਇਆ ਹੈ, ਕਿਉਂਕਿ ਉਸ ਦਾ ਇਹ ਹੱਡੀਂ ਹੰਢਾਇਆ ਅਨੁਭਵ ਹੈ।

ਸਿਰ ਤੇ ਰਹਿੰਦਾ ਪ੍ਰਦੇਸ ਹੈ
ਦਿਲ ਅੰਦਰ ਵੱਸਦਾ ਦੇਸ਼ ਹੈ
ਜਿੰਦ ਦੋਨਾਂ ਦੇ ਨਾ ਮੇਚ ਹੈ
ਲੇਖਾਂ ਦੇ ਜੰਗਲ ਸੜ ਗਏ। (ਪੰਨਾ—67)

ਜਾਂ ਫਿਰ ;

ਉਹ ਜਿਹੜੇ ਸਿਰਫ ਇਹੀ ਸੋਚਦੇ ਹਨ
ਕਿ ਪ੍ਰਦੇਸ ਵਿਚ ਕੋਲੇ
ਹੱਥ ਲਾਇਆਂ ਹੀਰੇ ਹੋ ਜਾਣਗੇ
ਉਹ ਇਹ ਤਾਂ ਉੱਕਾ ਹੀ ਨਹੀਂ ਜਾਣਦੇ
ਕਿ ਹੀਰੇ-ਪੁੱਤ ਬੇਗਾਨੇ ਬਣਨਗੇ
ਤੇ ਖੋਹੇ ਜਾਣਗੇ
ਤਦ ਉਹਨਾਂ ਪਲਾਂ ਦੀ ਸ਼ੁਰੂਆਤ ਹੋਵੇਗੀ
ਕਿ ਗਲੀਆਂ ਦੇ ਰੋੜ ਤੱਕ ਵੀ ਯਾਦ ਆਉਣਗੇ। (ਪੰਨਾ—70)

ਬਲਦੇਵ ਨੇ ਵਧੇਰੇ ਕਰ ਕੇ ਆਜ਼ਾਦ ਨਜ਼ਮ ਕਾਵਿ-ਰੂਪ ਦੀ ਵਿਧੀ ਅਪਣਾਈ ਹੈ ਤੇ ਕਿਤੇ ਕਿਤੇ,ਅੱਗੇ ਜਾਂ ਪਿੱਛੇ ਕਾਫੀਏ ਨੂੰ ਮੇਲਣ ਤੇ ਜੋੜਨ ਦਾ ਉਪਰਾਲਾ ਵੀ ਕੀਤਾ ਹੈ। ਕਾਂਡਾਂ ਦੇ ਆਰੰਭ ਵਿਚ ਕਈ ਥਾਈਂ ਉਸ ਨੇ ਛੰਦ-ਬੱਧ ਸ਼ਾਇਰੀ ਦੇ ਸਫਲ ਪ੍ਰਮਾਣ ਵੀ



ਦਿੱਤੇ ਹਨ ਤੇ ਕਾਲਪਨਿਕ ਛੋਹਾਂ ਨਾਲ ਨਵੀਂ ਬਿੰਬਾਵਲੀ ਤੇ ਅਛੂਤੇ ਪ੍ਰਤੀਕਾਂ ਦੀ ਸਿਰਜਣਾ ਕੀਤੀ ਹੈ। ਉਹ ਉੱਪਰ ਸੰਕੇਤ ਮਾਤਰ ਦੱਸੇ ਭਟਕਾਵਾਂ ਤੋਂ ਸਹਿਜੇ ਹੀ ਬਚ ਸਕਦਾ ਸੀ, ਜੇ ਕਿਤੇ ਕਿਸੇ ਜਮਹੂਰੀ ਦਿੱਖ ਵਾਲੇ ਸ਼ਾਇਰ ਦੋਸਤ ਨੂੰ ਇਹ ਕਾਂਡ ਵਿਖਾ ਕੇ, ਲੋੜੀਂਦੀ ਸੋਧ-ਸੁਧਾਈ ਕਰ ਲੈਂਦਾ।

ਰਵੀ-ਸਾਹਿਤ ਪ੍ਰਕਾਸ਼ਨ ਦੇ ਮਾਲਕ ਮੋਹਨ ਸਿੰਘ ਰਾਹੀ ਹੋਰਾਂ ਪੁਸਤਕ ਸੁਹਣੇ ਰੂਪ ਵਿਚ ਪੇਸ਼ ਕੀਤੀ ਹੈ। ਸੰਖੇਪ ਟਿਪਣੀਆਂ ਦੀ ਲੜੀ ਵਿਚ ਚੌਥੀ ਪੁਸਤਕ ਇਸਤਰੀ-ਲੇਖਕ ਕੁਲਦੀਪ ਕਲਪਨਾ 'ਬਲਦੇ ਦਿਆਰ' ਹੈ। ਸਮਾਜਕ ਹਾਲਤਾਂ ਹੱਥੋਂ ਨਪੀੜੀਆਂ ਔਰਤਾਂ ਦੀ ਲੰਮੀ ਤੇ ਦਰਦਭਰੀ ਦਾਸਤਾਂ ਹੈ, ਐਪਰ ਬਹੁਤ ਵਾਰ ਔਰਤ ਸਮਾਜਕ ਪ੍ਰਸਥਿਤੀਆਂ ਦਾ ਵਿਸਲੇਸ਼ਣ ਕਰਨ ਦੀ ਥਾਂ ਸੌਖਾ ਰਾਹ ਅਖਤਿਆਰ ਕਰਦੀਆਂ ਹੋਈਆਂ ਬੱਸ ਮਰਦ ਨੂੰ ਭੰਡਣ ਦੇ ਰਾਹ ਤੁਰ ਪੈਂਦੀਆਂ ਹਨ। ਸੰਵੇਦਨ-ਸ਼ੀਲ ਤੇ ਕਲਾਕਾਰ-ਔਰਤਾਂ ਉਂਝ ਵੀ ਭਾਰਤੀ ਸਮਾਜਕ-ਸਿਸਟਮ ਵਿਚ ਪੱਛਮੀ ਤਰਜ਼ ਦੀ ਖੁੱਲ੍ਹ ਦੀ ਲਾਲਸਾ ਜਾਂ ਤਾਂਘ ਕਰਦੀਆਂ ਪ੍ਰੀਵਾਰ ਦੀ ਥਾਂ ਇਕੱਲਾ ਰਹਿਣਾ ਪਸੰਦ ਕਰਦੀਆਂ ਹਨ। ਇਹੋ ਵਰਤਾਰਾ ਕੁਲਦੀਪ ਕਲਪਨਾ ਦੀ ਕਵਿਤਾ ਚੋਂ ਥਾਂ ਪਰ ਥਾਂ ਝਲਕਦਾ ਨਜ਼ਰੀ ਪੈਂਦਾ ਹੈ। ਉਸ ਨੂੰ ਗੱਲ ਕਰਨੀ ਆਉਂਦੀ ਹੈ ਤੇ ਉਹ ਆਪਣੇ ਨਿਵੇਕਲੇ ਮੌਲਿਕ ਰੰਗ ਨੂੰ ਕਾਇਮ ਰੱਖਦੀ ਹੈ।

ਜਦ ਉਹ ਮੈਨੂੰ ਆਪਣੇ
ਬਰਾਬਰ ਨਾ ਕਰ ਸਕਦੇ
ਤਾਂ ਉਹਨਾਂ ਦੇ ਅੰਦਰ ਦੀ
ਕਮੀਨਗੀ ਜਾਗਦੀ।

ਜਾਂ — — —

ਕਿ ਸ਼ੁਕਰ ਕਰ ਇੱਕ ਸ਼ਰੀਫ ਬੰਦਾ
ਕਮਾਲ ਸਫਾਈ ਨਾਲ
ਤੈਨੂੰ ਹਲਾਕ ਕਰ ਰਿਹਾ ਹੈ

— — —

ਮੈਂ ਉਸਦੇ ਸਾਏ ਹੇਠ ਕੱਟਣੀ ਹਯਾਤੀ ਸੀ
ਤੇ ਕਹਿਰ ਇਹ ਕਿ ਉਸ ਦੇ ਸਾਏ ਕੋਲੋਂ ਡਰਨਾ ਸੀ
ਤੂੰ ਦੇਵੇਂ ਪਨਾਹ ਤੇ ਮੈਂ ਆਖਾਂ ਸ਼ੁਕਰੀਆ
ਤੂੰ ਦੁਰਕਾਰੇ ਤਾਂ ਵੀ ਕਹਾਂ ਮਿਹਰਬਾਨੀ
ਉਹ ਵੀ ਹੋਰਾਂ ਵਰਗਾ ਸੀ ਮੈਂ ਦੇਖ ਲਿਆ
ਮੈਂ ਸਮਝੀ ਸੀ ਉਹ ਹੋਰਾਂ ਤੋਂ ਵੱਖਰਾ ਹੈ।

ਕੁਲਦੀਪ ਨੇ ਨਜ਼ਮ ਵੀ ਲਿਖੀ ਹੈ ਤੇ ਗੀਤ, ਗਜ਼ਲ ਵੀ। ਪੰਜਾਬ ਦੇ ਖ਼ੌਫ਼ ਤੇ ਦਹਿਸ਼ਤ ਭਰੇ ਮਾਹੌਲ ਨੂੰ ਪੇਸ਼ ਕਰਦੀਆਂ ਉਸ ਦੀਆਂ ਛੋਟੀਆਂ ਛੋਟੀਆਂ ਨਜ਼ਮਾਂ ਪ੍ਰਭਾਵਤ ਕਰਦੀਆਂ ਹਨ। 'ਵਿਚ ਪ੍ਰਦੇਸਾਂ' ਉਸ ਦੀ ਲੰਮੀ ਨਜ਼ਮ ਪ੍ਰਵਾਸੀ ਜੀਵਨ ਜੀਉਂਦੀਆਂ

ਔਰਤਾਂ ਦੀ ਦਸ਼ਾ ਦਾ ਪ੍ਰਭਾਵਸ਼ਾਲੀ ਮੌਲਿਕ ਚਿੱਤਰ ਪੇਸ਼ ਕਰਦੀ ਹੈ। ਕੁਲਦੀਪ ਦੀ ਸ਼ਾਇਰੀ ਵਿਚਲੇ ਦਰਦ ਦਾ ਰੰਗ ਗੂਹੜਾ ਵੀ ਹੈ ਤੇ ਮੌਲਿਕ ਵੀ।

ਰੂਪੀ-ਪ੍ਰਕਾਸ਼ਨ ਅੰਮ੍ਰਿਤਸਰ ਵਲੋਂ ਛਾਪੀ ਕਾਵਿ-ਕਿਤਾਬ 'ਉਦਾਸੀ ਹੀਰੇ ਹਰਨ ਦੀ' ਦਾ ਲੇਖਕ ਭਗਵਾਨ ਸਿੰਘ ਢਿਲੋਂ ਹੈ। ਅਸਲੋਂ ਨਵਾਂ ਕਵੀ ਤੇ ਆਧੁਨਿਕ ਪੰਜਾਬੀ ਕਵਿਤਾ ਵਿਚ ਨਵੇਂ ਕਾਵਿ-ਮੁਹਾਵਰੇ ਦਾ ਸਿਰਜਣ। ਉਸ ਦੀ ਕਵਿਤਾ ਸੰਵਾਦ ਦੀ ਵਿਧੀ ਆਸਰੇ-ਤੁਰਦੀ ਹੈ। ਕਿਸੇ ਨਜ਼ਮ ਵਿਚ ਕਵੀ ਘਰ ਵਾਲੀ ਤੋਂ ਪੂਰਨ ਆਜਾਦੀ ਦੀ ਮੰਗ ਕਰਦਾ ਆਖਦਾ ਹੈ ਕਿ ਉਹ, ਦਾਖੀ ਘੋੜੇ ਦੇ ਪੈਰਾਂ 'ਚ ਚਾਨਣ ਦੀ ਜ਼ੰਜੀਰ ਨਾ ਸਜਾਇਆ ਕਰੇ।' ਕਿਸੇ ਹੋਰ ਨਜ਼ਮ ਵਿਚ ਧੀ ਆਪਣੀ ਮਾਂ ਨੂੰ ਆਖਦੀ ਹੈ ਕਿ 'ਜਦੋਂ ਘਰ ਵਿਚ ਸਰਕਾਰੀ ਟਿਊਬਾਂ ਜਗ ਪੈਣ ਤਾਂ ਧੁਆਖੀ ਲਾਲ ਟੈਣ ਬਾਲਣੀ ਬਦ-ਸ਼ਗਨੀ ਹੁੰਦੀ ਹੈ।' ਪ੍ਰੇਮਕਾ ਆਸ਼ਕ ਨਾਲ ਵਾਰਤਾਲਾਪ ਕਰਦੀ ਉਸ ਨੂੰ ਚਿਤਾਵਨੀਆਂ ਦਿੰਦੀ ਹੈ। ਕਿਸੇ ਘਰ ਵਿਚ ਬਾਪੂ, ਧੀ, ਤੇ ਨੂੰਹ ਆਪਸੀ ਗੁਫ਼ਤ ਗੂ ਰਾਹੀਂ ਆਜ਼ਾਦੀ ਦੇ ਵਿਕੋਲਿਤਰੇ ਸੰਕਲਪ ਉਸਾਰਦੇ ਹਨ। 'ਸ਼ਿਲਾ-ਲੇਖ' ਵਿਚਲਾ ਪਾਤਰ ਕਾਜ਼ੀ ਨਾਲ ਵਾਰਤਾਲਾਪ ਕਰਦਾ ਪੁਰਾਣੀਆਂ ਮਨੌਤਾਂ ਨੂੰ ਚੁਣੌਤੀ ਦਿੰਦਾ ਹੈ। ਕਿਸੇ ਹੋਰ ਕਵਿਤਾ ਵਿਚ ਉਹ ਪੰਜਾਬ 'ਚ ਵਗਦੀਆਂ ਤੱਤੀਆਂ ਹਵਾਵਾਂ ਦੀ ਗੱਲ ਕਰਦਾ ਹੈ। ਕਵਿਤਾ ਆਪਣੇ ਰਚਣਹਾਰੇ ਨਾਲ ਸਵਾਲ ਜਵਾਬ ਕਰਦੀ ਹੈ ਤੇ ਉਸ ਤੋਂ ਬਾਗੀ ਹੋ ਜਾਣ ਦੀ ਧਮਕੀ ਦਿੰਦੀ ਹੈ। 'ਸੜਦੇ ਗਲੋਬ ਤੇ ਜ਼ੈਤੂਨ ਦੀ 'ਟਾਹਣੀ' ਵਿਚ ਉਹ ਸੰਸਾਰ-ਅਮਨ ਦਾ ਸੁਪਨਾ ਲੈਂਦਾ ਹੈ। ਸੋਵੀਅਤ-ਰੂਸ ਦੇ ਬਿਖਰਾਵ ਦੇ ਕਾਰਨ ਲੱਭਦਾ ਹੈ, ਹਿੰਦ-ਪਾਕ ਦੇ ਵਸਨੀਕਾਂ ਦੀ ਆਪਸੀ ਸਾਂਝ ਨੂੰ ਵਧਾਉਣ ਦੀ ਕਾਮਨਾ ਕਰਦਾ ਹੈ। ਕਿਤੇ ਰੂੜੀਆਂ ਤੋਂ ਲਿਫਾਫੇ ਚੁਗਦੇ ਛੋਟੇ ਬਾਲਾਂ ਦੇ ਮਰ ਗਏ ਸੁਪਨਿਆਂ ਤੇ ਰੁਦਨ ਕਰਦਾ ਹੈ।

ਭਗਵਾਨ ਢਿਲੋਂ ਦੀ ਨਜ਼ਰ ਦਾ ਦਾਇਰਾ ਘਰ ਤੋਂ ਪਿੰਡ ਤੇ ਪਿੰਡ ਤੋਂ ਬ੍ਰਹਿਮੰਡ ਤੀਕ ਫੈਲਿਆ ਨਜ਼ਰੀਂ ਪੈਂਦਾ ਹੈ। ਉਸ ਦੀ ਕਾਵਿਕ ਸੁਰ, ਬਿੰਬ, ਪ੍ਰਤੀਕ-ਵਿਧਾਨ ਤੇ ਮੁਹਾਵਰਾ ਕਿਸੇ ਵੀ ਹੋਰ ਨਵੇਂ ਕਵੀ ਵਰਗਾ ਹੈ। ਉਦਾਸੀ ਹੀਰੇ ਹਰਨ ਦੀ' ਪੁਸਤਕ ਰੱਦੀ ਖਰੀਦਣ ਵਾਲੇ ਨੂੰ ਵੇਚਣ ਵਾਲੀ ਨਹੀਂ, ਸਗੋਂ ਆਪਣੀ ਅਲਮਾਰੀ ਵਿਚ ਸਦਾ ਜੀਵੰਤ ਕਿਤਾਬਾਂ ਨਾਲ ਸਜਾ ਕੇ ਰੱਖਣ ਵਾਲੀ ਹੈ। ○

---

## ਸੂਚਨਾ

ਯੂ. ਕੇ. ਦੇ ਪਾਠਕਾਂ ਵਲੋਂ ਪਰਚਾ ਨਾ ਮਿਲਣ ਦੀਆਂ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ। ਪਰਚਾ ਬੜੀ ਸਾਵਧਾਨੀ ਨਾਲ ਖ਼ੁਦ ਸੰਪਾਦਕ ਵਲੋਂ ਪੋਸਟ ਕੀਤਾ ਜਾਂਦਾ ਹੈ। ਇਸ ਘਾਟ ਨੂੰ ਨੋਟ ਕਰਕੇ ਹੋਰ ਚੌਕਸੀ ਵਰਤਣੀ ਅਰੰਭ ਕੀਤੀ ਹੈ। ਫੇਰ ਵੀ ਯੂ. ਕੇ. ਵਾਲੇ ਪਾਠਕ ਪਰਚਾ ਨਾ ਮਿਲਣ ਦੀ ਸੂਰਤ ਵਿਚ ਸਾਥੀ ਅਵਤਾਰ ਸਾਦਿਕ ਪ੍ਰਧਾਨ IWA ਲਿਸਟਰ ਨਾਲ ਸੰਪਰਕ ਕਰ ਲਿਆ ਕਰਨ। ਉਹਨਾਂ ਦੇ ਘਰ ਦਾ ਫੋਨ ਨੰ: 0533-416640 ਹੈ।

—ਸੰਪਾਦਕ





## ਹਨੇਰਾ ਹੱਸਿਆ ਹੈ/ਪ੍ਰੇਮ ਸਾਹਿਲ

### ( 1 )

ਸਿਰ 'ਤੇ ਟੋਕਰਾ ਹੈ
ਬੱਜਰੀ ਦਾ
ਚੁੱਕਿਆ ਢਾਕ 'ਤੇ
ਕੋਈ ਹਾਦਸਾ ਹੈ !

ਮੁਕੱਦਰ
ਮਿਹਨਤਾਂ ਦਾ
ਸ਼ਾਹਾਂ ਦੇ ਘਰ
ਅਜ਼ਲ ਤੋਂ ਗਿਰਵੀ ਪਿਆ ਹੈ !

ਘਸ ਗਿਆ
ਜੋਂਪਰ ਪੁਰਾਣਾ
ਲੱਜਿਆ ਦੀ ਥਾਂ 'ਤੋਂ
ਫੱਟ ਗਿਆ ਹੈ

ਹਵੇਲੀਆਂ ਦੇ
ਠਹਾਕਿਆਂ ਨੇ
ਜਿਗਰ ਝੁੱਗੀਆਂ ਦਾ
ਮੁੜ-ਘਿੜ ਪੱਛਿਆ ਹੈ

"ਚਿਰਾਗ਼ਾਂ
ਹੋ ਨਹੀਂ ਸਕਦੀ
ਇਹ ਬਸਤੀ",
ਕਹਿਕੇ, ਹਨੇਰਾ ਹੱਸਿਆ ਹੈ (4.2.94)

## ਸੁਰ ਉਦਾਸੀ ਦਾ ਨਾ ਲਾ

### ( 2 )

ਖੋਲਦੀ
ਕੋਈ ਧੁਨ ਸੁਣਾ ਦੋਸਤਾ !
ਸੁਰ ਉਦਾਸੀ ਦਾ ਨਾ ਲਾ

ਮੂਹ-ਨੇਰ੍ਹੇ
ਨਾਲ ਸਾਡੇ ਜਾਗਦਾ
ਨਿੱਤ ਨਵਾਂ ਹਾਦਸਾ !

ਨਿੱਕਾ ਜਿਹਾ
ਪਰ, ਵੇਖ ਜੁਗਨੂੰ ਚਮਕਦਾ
ਡੋਲੇ ਕਲੇਜਾ ਰਾਤ ਦਾ

ਸੋਚ ਨਾ
ਨ੍ਹੇਰ ਵਾਲਾ ਘੁੰਡ ਹਟਾ
ਚੁੰਮਣਾਂ ਏਂ ਮੂੰਹ ਜੇ ਪ੍ਰਭਾਤ'ਦਾ

ਲੜੇ ਬਗ਼ੈਰ
ਜਿੱਤ ਨਹੀਂ ਸਕਦਾ
ਕੋਈ, ਜ਼ਿੰਦਗੀ ਦਾ ਕਰਬਲਾ
ਉੱਠਣ ਕਰੋੜਾਂ
ਪੈਰ, ਜੇ ਇਕ ਮਰਤਬਾ
ਆ ਵੀ ਸਕਦਾ ਜ਼ਲਜ਼ਲਾ । (5.2.94)

—o—

## ਗ਼ਜ਼ਲ/ਕੇਸਰ ਸਿੰਘ 'ਨੀਰ'

ਜ਼ਿੰਦਗੀ ਦੇ ਨ੍ਹੇਰਿਆਂ 'ਚੋਂ ਰੌਸ਼ਨੀ ਦੀ ਭਾਲ ਕਰ ।
ਆਪਣੇ ਸੀਨੇ 'ਚ ਸੁੱਤੀ ਬੇਖ਼ੁਦੀ ਦੀ ਭਾਲ ਕਰ ।
ਜ਼ਿੰਦਗੀ ਤੋਂ ਬਾਅਦ ਵੀ ਨਾ ਮਹਿਕ ਜਿਸ ਦੀ ਮਰ ਸਕੇ,
ਜੀਣ ਖ਼ਾਤਰ ਇਸ ਤਰ੍ਹਾਂ ਦੀ ਜ਼ਿੰਦਗੀ ਦੀ ਭਾਲ ਕਰ ।
ਆਦਮੀ ਦੇ ਬੁੱਤ 'ਚੋਂ ਵੀ ਆਦਮੀ ਮਿਲਦਾ ਨਹੀਂ,
ਆਦਮੀ 'ਚੋਂ ਗੁੰਮ ਹੋਏ ਆਦਮੀ ਦੀ ਭਾਲ ਕਰ ।
ਹਰ ਕਦਮ ਤੇ ਗ਼ਮ, ਨਿਰਾਸ਼ਾ, ਹਾਰ ਹੀ ਮਿਲਦੀ ਹੈ ਜੇ,
ਹੌਸਲਾ ਕਰ, ਹਰ ਗ਼ਮੀ 'ਚੋਂ ਵੀ ਖ਼ੁਸ਼ੀ ਦੀ ਭਾਲ ਕਰ ।
ਜ਼ਿੰਦਗੀ ਦੀ ਹਰ ਅਦਾ ਹੀ ਪਿਆਰ ਦੇ ਕਾਬਿਲ ਦਿੱਸੇ,
ਆਸ਼ਕੀ ਦੀ ਇਸੇ ਤਰ੍ਹਾਂ ਦੀ ਵੰਨਗੀ ਦੀ ਭਾਲ ਕਰ ।
ਰੋ ਪਏ ਪੜ੍ਹ ਕੇ ਕਹਾਣੀ ਆਪਣੀ ਹੀ ਜਾਣ ਕੇ,
ਸ਼ਾਇਰ ਏ ਤਾਂ ਇਸ ਤਰ੍ਹਾਂ ਦੀ ਸ਼ਾਇਰੀ ਦੀ ਭਾਲ ਕਰ ।
ਭਾਰ ਹੈ ਦਿਲ ਤੇ, ਉਦਾਸੀ ਹੋਰ ਮਾਰੂ ਹੋ ਰਹੀ,
ਏਸ ਰੁੱਖੀ ਰੁੱਤ ਅੰਦਰ ਬੰਸਰੀ ਦੀ ਭਾਲ ਕਰ ।

(ਆਤਮ ਨਗਰ, ਜਗਰਾਉਂ)



ਕਹਾਣੀ

## ਗੰਦਾ ਨਾਲਾ ਤੇ ਸੂਰ

ਸਵਰਨ ਚੰਦਨ

ਕਦੇ ਇਹ ਗੰਦਾ ਨਾਲਾ ਸ਼ਹਿਰ ਦੇ ਬਾਹਰਵਾਰ ਵਗਦਾ ਹੁੰਦਾ ਸੀ । ਬਾਹਰਵਾਰ ਯਾਨਿ ਸ਼ਹਿਰ ਦੇ ਚੋਗਿਰਦੇ । ਸਾਰੇ ਸ਼ਹਿਰ ਦਾ ਗੰਦਾ ਪਾਣੀ ਇਹਦੇ ਵਿਚ ਪੈਂਦਾ ਹੁੰਦਾ ਸੀ ਪਰ ਫੇਰ, ਕਹਿੰਦੇ ਨੇ ਸ਼ਹਿਰ ਫੈਲਣਾ ਸ਼ੁਰੂ ਹੋ ਗਿਆ । ਨਗਰ ਤੋਂ ਮਹਾਂਨਗਰ ਬਣਨ ਵੱਲ ਅਹਲ ਪਿਆ । ਨਵੇਂ ਨਵੇਂ ਧੰਨਵਾਨ ਲੋਕ ਸ਼ਹਿਰ ਛੱਡ ਕੇ ਸ਼ਹਿਰ ਤੋਂ ਬਾਹਰ ਆ ਕੇ ਵੱਸਣ ਲੱਗ ਪਏ । ਅਖੇ ; ਜੀ ਇਹ ਵੀ ਕੋਈ ਮਕਾਨ ਨੇ । ਐਵੇਂ ਘੁਰਨੇ ਜਿਹੇ । ਨਾਲੀਆਂ 'ਚ ਮਣਾਂ-ਮੂੰਹੀਂ ਗੰਦ । ਤੇ ਸਲ੍ਹਾਭੇ ਹੋਏ ਘਰ । ਨਾ ਕਦੇ ਧੁੱਪ ਅੰਦਰ ਵੜਦੀ ਹੈ, ਨਾ ਤਾਜ਼ੀ ਹਵਾ ਦਾ ਕੋਈ ਝੋਂਕਾ । ਨਿੱਕੀਆਂ ਨਿੱਕੀਆਂ ਕਮਰੀਆਂ । ਤੇ ਗਲੀਆਂ ਵਿਚ ਬੰਦਾ ਬੰਦੇ ਨਾਲ ਟਕਰਾਉਂਦਾ । ਪੈਸੇ ਆਉਣ ਨਾਲ ਇਹਨਾਂ ਲੋਕਾਂ ਨੂੰ ਉਹਨਾਂ ਹੀ ਘਰਾਂ ਤੇ ਗਲੀਆਂ 'ਚੋਂ ਮੁਸ਼ਕ ਆਉਣ ਲੱਗਾ । ਜਿਹਦੇ ਕੋਲ ਵੀ ਚਾਰ ਪੈਸੇ ਵਾਧੂ ਹੋਏ ਫਿਰਦੇ ਉਹੋ ਹੀ ਸ਼ਹਿਰੋਂ ਬਾਹਰ ਨੂੰ ਭੱਜਦਾ । ਪਲਾਟ ਲੈਣ ਤੇ ਫੇਰ ਵੇਖਦਿਆਂ ਵੇਖਦਿਆਂ ਹੀ ਸ਼ਹਿਰ ਮਹਾਂਨਗਰ ਬਣ ਗਿਆ । ਕੋਠੀਆਂ ਉਸਰ ਗਈਆਂ । ਮਕਾਨ ਬਣ ਗਏ । ਤੇ ਨਾਲ ਹੀ ਕਾਰਾਂ ਤੇ ਮੋਟਰਾਂ ਆ ਗਈਆਂ । ਜਿਹਨਾਂ ਕੋਲ ਅਜੇ ਕਾਰ ਦੀ ਪਾਇਆ ਨਹੀਂ ਸੀ, ਉਹਨਾਂ ਸਕੂਟਰ ਤੇ ਮੋਟਰ ਸਾਈਕਲ ਲੈ ਲਏ । ਅਖੇ ਜੀ ਇਹ ਆਜ਼ਾਦ ਨਗਰ ਹੈ, ਇਹ ਸੁਭਾਸ਼ ਨਗਰ, ਇਹ ਫਲਾਣਾ ਵਿਹਾਰ ਤੇ ਇਹ ਢੀਂਗਰਾ ਵਿਹਾਰ। ਬਸ ਨਗਰ, ਵਿਹਾਰ, ਐਨਕਲੇਵ, ਐਕਟੈਨਸ਼ਨਾਂ ਤੇ ਹੋਰ ਪਤਾ ਨਹੀਂ ਕੀ ਕੁਝ ।

......ਤੇ ਹੁਣ ਉਹੋ ਹੀ ਗੰਦਾ ਨਾਲਾ ਸ਼ਹਿਰ ਦੇ ਵਿਚਕਾਰ ਵਗਦਾ ਹੈ । ਨਾਲੇ ਦੇ ਇਕ ਪਾਸੇ ਪੁਰਾਣਾ ਨਗਰ ਵੀ ਉਸੇ ਤਰ੍ਹਾਂ ਕਾਇਮ ਹੈ, ਤੇ ਨਾਲੇ ਦੇ ਦੂਜੇ ਪਾਸੇ ਉਸੇ ਹੀ ਨਾਂ ਦਾ ਨਵਾਂ ਨਗਰ ਬਣ ਗਿਆ ਹੈ ਜਿਸ ਵਿਚ ਗਾਂਹ ਤੋਂ ਗਾਂਹ ਅਨੇਕਾਂ ਕਾਲੋਨੀਆਂ ਹਨ । ਤੇ ਹੁਣ ਇਹ ਗੰਦਾ ਨਾਲਾ ਇੰਜ ਲਗਦਾ ਹੈ ਜਿਵੇ ਇਹ ਸ਼ਹਿਰ ਦੀ ਸ਼ਾਹ-ਰਗ ਹੋਵੇ, ਬਲਕਿ ਸ਼ਹਿਰ ਦਾ ਦਿਲ । ਸਾਰਾ ਕੁਝ ਮੇਰੇ ਬਾਪੂ ਦੀਆਂ ਅੱਖਾਂ ਸਾਹਮਣੇ ਹੋਇਆ ਹੈ । ਕੱਲੀ ਕੱਲੀ ਕੋਠੀ, ਕੱਲਾ ਕੱਲਾ ਮਕਾਨ ਉੱਸਰਦਾ ਉਹਨੇ ਵੇਖਿਆ ਹੈ । ਬਾਪੂ ਦੱਸਦਾ ਹੁੰਦਾ ਸੀ ਕਿ ਕਦੇ ਇਹਨਾਂ ਸ਼ਹਿਰੋਂ ਬਾਹਰਲੀਆਂ ਜ਼ਮੀਨਾਂ ਨੂੰ ਕੋਈ ਪੁੱਛਦਾ ਨਹੀਂ ਸੀ ਹੁੰਦਾ । ਦਸ-ਦਸ, ਤੇ ਵੀਹ-ਵੀਹ ਰੁਪਏ ਗਜ਼ ਤੋਂ ਵਿਕਦੀਆਂ ਹੁੰਦੀਆਂ ਸਨ । ਜ਼ਮੀਨਾਂ ਵਾਲੇ ਤਰਲੇ ਲੈਂਦੇ ਸਨ ਪਰ ਕੋਈ ਖਰੀਦਦਾ ਹੀ ਨਹੀਂ ਸੀ । ਤੇ ਫੇਰ ਜਦੋਂ ਬਾਹਰਲੇ ਸੂਬਿਆਂ ਦੇ ਲੋਕ ਧੜਾ-ਧੜ ਏਥੇ ਆ ਕੇ ਵੱਸਣ ਤੇ ਕਮੌਣ ਲੱਗੇ ਤਾਂ ਕੁਝ ਅਕਲਾਂ ਵਾਲਿਆਂ ਨੇ ਪੁਰਾਣੇ ਜਰਜਰ ਮਕਾਨ ਉਹਨਾਂ ਨੂੰ ਵੇਚ ਕੇ ਏਥੇ ਬਾਹਰਵਾਰ ਪਲਾਟ ਲੈਣੇ ਸ਼ੁਰੂ ਕਰ ਦਿਤੇ । ਬੱਸ, ਜਦੋਂ ਇਕ ਵਾਰ ਇਹ ਪਿਰਤ ਜਿਹੀ ਤੁਰੀ ਤਾਂ ਫਿਰ ਤੁਰਦੀ ਹੀ ਗਈ । ਫੇਰ ਤਾਂ ਕਈਆਂ ਵੱਧ ਅਕਲਾਂ ਵਾਲਿਆਂ ਨੇ ਕਿਸਾਨਾਂ ਕੋਲੋਂ

ਕੌਡੀਆਂ ਦੇ ਮੁੱਲ ਜ਼ਮੀਨਾਂ ਖਰੀਦੀਆਂ ਤੇ ਉਹਨਾਂ ਦੇ ਪਲਾਟ ਕੱਟ ਕੱਟ ਕੇ ਤੀਣੇ- ਚੌਣੇ ਮੁੱਲਾਂ ਤੇ ਵੇਚਣ ਲੱਗ ਪਏ। ਜਦੋਂ ਬਾਪੂ ਇਹ ਸਭ ਕੁਝ ਦਸਦਾ ਹੁੰਦਾ ਸੀ ਤਾਂ ਮੈਂ ਬੜੀ ਹੈਰਾਨ ਹੁੰਦੀ ਸਾਂ। ਮੰਨਣ ਵਿਚ ਹੀ ਨਹੀਂ ਸੀ ਆਉਂਦਾ ਕਿ ਇਹ ਗੰਦਾ ਨਾਲਾ ਪਹਿਲਾਂ ਸ਼ਹਿਰ ਦੇ ਬਾਹਰਵਾਰ ਯਾਨਿ ਆਲੇ-ਦੁਆਲੇ ਵਗਦਾ ਹੁੰਦਾ ਸੀ। ਮੈਂ ਤਾਂ ਜਦੋਂ ਦੀ ਹੋਸ਼ ਸੰਭਾਲੀ ਹੈ, ਇਸ ਗੰਦੇ ਨਾਲੇ ਨੂੰ ਸ਼ਹਿਰ ਦੇ ਵਿਚਕਾਰ ਹੀ ਵਗਦਿਆਂ ਵੇਖਿਆ ਹੈ। ਹਾਂ, ਏਨਾ ਕੁ ਮੈਨੂੰ ਜ਼ਰੂਰ ਯਾਦ ਹੈ ਕਿ ਜਦੋਂ ਮੈਂ ਛੋਟੀ ਹੁੰਦੀ ਸਾਂ ਉਦੋਂ ਬਾਪੂ ਤੇ ਬੇਬੇ ਸ਼ਹਿਰ ਦੇ ਘਰਾਂ ਦਾ ਮੈਲਾ ਬਾਟਿਆਂ ਵਿਚ ਪਾ ਕੇ ਢੋਂਹਦੇ ਹੁੰਦੇ ਸਨ। ਪਰ ਏਧਰ ਨਵੇਂ ਪਾਸੇ ਵੱਲ ਜਿੱਥੇ ਮੈਂ ਕੰਮ ਕਰਦੀ ਹਾਂ ਹਰ ਘਰ-ਕੋਠੀ ਵਿਚ ਫਲੱਸ਼ਾਂ ਲੱਗੀਆਂ ਹੋਈਆਂ ਹਨ। ਬੱਸ, ਸੰਗਲੀ ਜਿਹੀ ਖਿੱਚੀ ਤੇ ਚੱਲ ਮੇਰੇ ਭਾਈ। ਘੱਟੋ-ਘੱਟ ਮੈਨੂੰ ਨਹੀਂ ਅੱਜ ਤਾਈਂ ਮੈਲੇ ਬਾਟੇ ਚੁੱਕਣੇ ਪਏ। ਆ ਜਾ ਕੇ ਘਰਾਂ ਦਾ ਕੂੜਾ ਹੁੰਦਾ ਹੈ। ਉਹ ਵੀ ਅਗਲੇ ਬਾਹਰ ਹੀ ਫੜਾ ਦੇਂਦੇ ਹਨ। ਜਦੋਂ ਪੀਪਾ ਭਰ ਗਿਆ, ਚੁੱਕਿਆ ਤੇ ਜਾ ਕੇ ਗੰਦੇ ਨਾਲੇ ਦੇ ਕੰਢੇ ਤੇ ਢੇਰੀ ਕਰ ਦਿੱਤਾ। ਕਈਆਂ ਲੋਕਾਂ ਨੇ ਮੈਨੂੰ ਕਿਹਾ ਹੈ ਕਿ ਜਮਾਂਦਾਰਨੀਏ ਕੂੜਾ ਏਥੇ ਨਾ ਸੁੱਟਿਆ ਕਰ। ਉਹਨਾਂ ਨੂੰ ਬੰਦਾ ਪੁੱਛੇ ਪਈ ਹੋਰ ਫਿਰ ਕਿੱਥੇ ਸੁੱਟਿਆਂ ਕਰਾਂ? ਤੁਹਾਡੇ ਸਿਰ 'ਚ। ਸਬਰ ਨਹੀਂ ਕਰਦੇ ਬਈ ਘੱਟੋ-ਘੱਟ ਗੰਦੇ ਨਾਲੇ ਤੇ ਸੁੱਟਦੀ ਹਾਂ, ਨਹੀਂ ਤਾਂ ਬਹੁਤੀਆਂ ਜਮਾਂਦਾਰਨੀਆਂ ਤਾਂ ਸੜਕ ਦੇ ਕੰਢਿਆਂ ਤੇ ਸੁੱਟੀ ਤੁਰੀਆਂ ਜਾਂਦੀਆਂ ਨੇ। ਉਧਰੋਂ ਪੀਪਾ ਭਰਿਆ ਤੇ ਏਧਰ ਵਗ੍ਹਾਤਾ ਸੜਕ ਤੇ। ਡੇਢ-ਦੋ ਘੰਟਿਆਂ ਵਿਚ ਸਾਰੀ ਕਲੋਨੀ ਦਾ ਸਿਆਪਾ ਮੁਕਾਇਆ ਤੇ ਘਰ। ਹੁੰਦਾ ਮੱਛਰ ਪੈਦਾ ਤਾਂ ਹੋਈ ਜਾਣ ਦਿਉ। ਉਹਨਾਂ ਦੀ ਜਾਣੇ ਬਲਾ। ਨਾਲੇ ਬਈ ਉਹ ਵੀ ਕੀ ਕਰਨ? ਜਾਂ ਤਾਂ ਫੇਰ ਸਰਕਾਰ ਕਰੇ ਕੁਝ। ਲਾਵੇ ਖਾਂ ਕੂੜਾ ਢੋਣ ਨੂੰ ਗੱਡੀਆਂ। ਸਾਰਾ ਕੂੜਾ ਢੋਹ ਕੇ ਬਾਹਰ ਲੈ ਜਾਇਆ ਕਰਨ। ਵੱਡੇ ਵੱਡੇ ਟੋਏ ਪੁੱਟਣ, ਉਹਨਾਂ 'ਚ ਪਾਉਣ ਇਹ ਕੂੜਾ। ਇਹ ਤਾਂ ਫੇਰ ਸੁੱਖ ਨਾਲ ਘਰਾਂ ਦਾ ਕੂੜਾ ਹੁੰਦਾ ਹੈ, ਜੇ ਭਲਾ ਮੈਲਾ ਢੋਹਣਾ ਹੋਵੇ ਫੇਰ ਕੀ ਵਾਪਰੇ? ਬਾਪੂ ਜੀ ਦਸਦੇ ਹੁੰਦੇ ਸਨ ਕਿ ਅੰਗਰੇਜ਼ਾਂ ਦੇ ਵੇਲੇ ਏਥੇ ਸ਼ਹਿਰਾਂ ਵਿਚ ਗਦ-ਗੱਡੀਆਂ ਹੁੰਦੀਆਂ ਸਨ ਜਿਹੜੀਆਂ ਇਸ ਗੰਦੇ ਨਾਲੇ ਦੇ ਨਾਲ ਨਾਲ ਸ਼ਹਿਰੋਂ ਬਾਹਰ ਚਲਦੀਆਂ ਹੁੰਦੀਆਂ ਸਨ। ਫੇਰ ਉਧਰੋਂ ਅੰਗਰੇਜ਼ ਚਲੇ ਗਏ ਤੇ ਏਧਰ ਗੱਡੀਆਂ ਦਾ ਯੱਭ ਮੁੱਕਾ। ਸ਼ਹਿਰਾਂ ਵਿਚ ਵੱਡੇ ਵੱਡੇ ਕੋਠੇ ਉਸਾਰ ਦਿੱਤੇ ਮੈਲਾ ਕੱਠਾ ਕਰਨ ਨੂੰ। ਮੈਂ ਤਾਂ ਸ਼ੁਕਰ ਕਰਦੀ ਹਾਂ ਕਿ ਸਾਨੂੰ ਉਹ ਦਿਨ ਨਹੀਂ ਵੇਖਣੇ ਪਏ। ਫਲੱਸ਼ਾਂ ਲਗ ਗਈਆਂ ਤੇ ਗੱਲ ਮੁੱਕੀ।

ਤੇ ਏਸ ਕੂੜੇ ਦਾ ਕੀ ਹੈ। ਘਰ ਦੀ ਔਰਤ ਬੈਗ ਭਰ ਕੇ ਆਪ ਬਾਹਰ ਆਉਂਦੀ ਹੈ ਤੇ ਸਾਡੇ ਪੀਪੇ ਵਿਚ ਉਲੱਦ ਦੇਂਦੀ ਹੈ। ਤੇ ਅਸੀਂ ਪੀਪੇ ਫੜ ਕੇ ਔਥੇ ਜਾ ਕੇ ਉਲਟਾ ਦੇਂਦੇ ਹਾਂ ਜਿੰਨੇ ਕੁ ਉਹਨਾਂ ਦੇ ਹੱਥ ਮੈਲੇ ਹੁੰਦੇ ਹਨ ਉੱਨੇ ਕੁ ਹੀ ਸਾਡੇ ਹੁੰਦੇ ਹਨ। ਜਿਹੋ ਜਿਹਾ ਮਰਜ਼ੀ ਆ ਸੂਟ ਜਾਂ ਸਾੜੀ ਪਾ ਕੇ ਕੰਮ ਕਰਦੇ ਫਿਰੋ, ਮਜਾਲ ਆ ਕਦੇ ਵੱਟ ਵੀ ਪੈ ਜਾਵੇ। ਤੇ ਉਦੋਂ ਜਦੋਂ ਬਾਪੂ ਤੇ ਬੇਬੇ ਨੂੰ ਕੰਮ ਕਰਨਾ ਪੈਂਦਾ ਹੁੰਦਾ ਸੀ, ਉਹਨਾਂ



ਬਾਰੇ ਸੋਚ ਕੇ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ। ਹੱਕ-ਹਾਅ! ਕੋਈ ਜੂਨ ਸੀ ਉਹਨਾਂ ਵਿਚਾਰਿਆਂ ਦੀ। ਪਹਿਲਾਂ ਅਗਲਿਆਂ ਦਿਆਂ ਪਾਖਾਨਿਆਂ 'ਚੋਂ ਗੰਦ ਕੱਢੋ, ਫੇਰ ਬਾਟਾ ਭਰੋ, ਤੇ ਫੇਰ ਸਿਰ ਤੇ ਚੁੱਕ ਕੇ ਤੁਰ ਪਉ। ਤੇ ਏਨੀ ਬਦਬੂ! ਪਤਾ ਨਹੀਂ ਕੀ ਖਾ ਕੇ ਪਾਖਾਨਾ ਕਰਦੇ ਹੋਣਗੇ ਲੋਕ? ਅੰਤਲੀ ਉਮਰ ਵਿਚ ਤਾਂ ਬੇਬੇ-ਬਾਪੂ ਦੀਆਂ ਅੱਖਾਂ ਦੀ ਲੋਅ ਹੀ ਮੁੱਕ ਗਈ ਸੀ। ਨੱਕ ਵੀ ਉੱਕੇ ਹੀ ਰਹਿ ਗਏ ਸਨ। ਨਾ ਅੱਗ ਬਲਦੀ ਦੀ ਦੀ ਗੰਧ ਆਉਣੀ ਨਾ ਬੁਝੀ ਦੀ। ਘਰ ਵਿਚ ਮੀਟ-ਮੂਟ ਬਣਨਾ ਤਾਂ ਸਾਨੂੰ ਗਲੀ ਵੜ-ਦਿਆਂ ਹੀ ਖਬਰ ਹੋ ਜਾਂਦੀ, ਤੇ ਉਹਨਾਂ ਨੂੰ ਕੋਲ ਬੈਠਿਆਂ ਵੀ ਪਤਾ ਨਾ ਲੱਗਣਾ। ਵਿਚਾਰੇ ਸੁਦਾ ਨਰਕ ਭੋਗ ਕੇ ਮਰੇ। ਉਂਜ ਤਾਂ ਅਸੀਂ ਵੀ ਕਿਹੜਾ ਸਵਰਗ ਭੋਗ ਰਹੇ ਹਾਂ? ਹੈ ਤਾਂ ਇਹ ਵੀ ਨਰਕ ਪਰ ਉਹਨਾਂ ਦੇ ਵੇਲਿਆਂ ਨਾਲੋਂ ਮਾੜਾ ਜਿਹਾ ਚੰਗਾ ਨਰਕ। ਓਦਾਂ ਨਰਕ ਤਾਂ ਨਰਕ ਹੀ ਹੁੰਦਾ ਹੈ।

......ਮੇਰੇ ਜ਼ਿਮੇ ਏਥੇ ਸੋ ਕੁ ਘਰ ਹੈ। ਇਹਨਾਂ ਵਿਚ ਕੁਝ ਕਾਰਾਂ-ਮੋਟਰਾਂ ਵਾਲੀਆਂ ਕੋਠੀਆਂ ਹਨ, ਕੁਝ ਛੋਟੇ ਘਰ, ਤੇ ਕੁਝ ਐਵੇਂ ਕੁੱਲੀਆਂ ਜਿਹੀਆਂ। ਪਰ ਫੇਰ ਵੀ ਇਹ ਕੁੱਲੀਆਂ ਉਹਨਾਂ ਝੋਪ-ਪੱਟੀਆ ਨਾਲੋਂ ਸੌ ਦਰਜੇ ਚੰਗੀਆਂ ਹਨ। ਇਨ੍ਹਾਂ ਵਿਚ ਲੋਕ ਪਤਾ ਨਹੀਂ ਕਿਵੇਂ ਵੱਸਦੇ ਹਨ। ਵੱਸਦੇ ਕਾਹਨੂੰ ਹਨ ਰੀਂਗਦੇ ਹਨ। ਕੀੜਿਆਂ ਵਾਂਗੂ। ਉਹਨਾਂ ਦੀ ਜ਼ਿੰਦਗੀ ਤਾਂ ਸਾਡੇ ਨਾਲੋਂ ਵੀ ਬਦਤਰ ਹੈ। ਨਾ ਹੀ ਉਹਨਾਂ ਦਾ ਕੂੜਾ ਚੁੱਕਣ ਵਾਲਾ ਕੋਈ ਹੈ ਤੇ ਨਾ ਹੀ ਚੁਕਾਉਣ ਵਾਲਾ ਤੇ ਪਖ਼ਾਨਾ ਕਰਨ ਲਈ ਸ਼ਹਿਰ ਤੋਂ ਬਾਹਰ ਬਥੇਰੀ ਧਰਤੀ ਹੈ। ਕੋਈ ਰੁੱਖ-ਬੂਟੇ ਦਾ ਓਹਲਾ। ਕੰਧ ਦੀ ਓਟ ਜਾਂ ਝੌਂਪੜੀ ਦਾ ਪਿਛਲਾ ਪਾਸਾ। ਕਿਤੇ ਵੀ ਬੈਠਿਆ ਜਾ ਸਕਦਾ ਹੈ। ਪਾਣੀ ਹੋਵੇ ਨਾ ਹੋਵੇ। ਢੀਮ ਚੁੱਕੀ ਤੇ ਚੱਲ ਮੇਰੇ ਭਾਈ। ਟੀਨ, ਖਪਰੈਲਾਂ, ਟਾਟ ਤੇ ਪਾਟੇ-ਪੁਰਾਣੇ ਕੱਪੜੇ। ਦੋ ਵਾਂਸ ਗੱਡੇ ਤੇ ਘਰ ਬਣ ਗਿਆ। ਕਾਹਦਾ ਘਰ?

ਮੈਂ ਤਾਂ ਖੈਰ ਹੁਣ ਡੇਢ-ਦੋ ਮਹੀਨਿਆਂ ਤੋਂ ਹੀ ਏਸ ਪਾਸੇ ਕੰਮ ਕਰਨ ਆਉਣ ਲੱਗੀ ਹਾਂ। ਪਹਿਲਾਂ ਏਧਰ ਮੇਰੀ ਭਰਜਾਈ ਆਉਂਦੀ ਹੁੰਦੀ ਸੀ। ਉਹ ਜਣੇਪਾ ਕੱਟਣ ਚਲੇ ਗਈ ਹੈ। ਕੁਆਰੀ ਹਾਂ ਅਜੇ। ਤਿੰਨ ਭੈਣਾਂ ਹੋਰ ਵੀ ਹਨ ਪਰ ਤਿੰਨੇ ਵਿਆਹੀਆਂ ਹੋਈਆਂ। ਉਂਜ ਰਹਿੰਦੇ ਅਸੀਂ ਸਾਰੇ ਇਕੱਠੇ ਹੀ ਹਾਂ। ਵਿਚੇ ਜੀਜੇ, ਵਿਚੇ ਭੈਣਾਂ ਤੇ ਵਿਚੇ ਭਰਾ-ਭਰਜਾਈ। ਆਮ ਕਰਕੇ ਮੇਰਾ ਕੰਮ ਰੋਟੀ-ਪਾਣੀ ਦਾ ਆਹਰ ਕਰਨਾ ਹੈ। ਪਰ ਜਦੋਂ ਕੋਈ ਔਖ ਆ ਜ਼ਾਵੇ ਤਾਂ ਮੈਂ ਉਹ ਡਿਊਟੀ ਸੰਭਾਲ ਲੈਂਦੀ ਹਾਂ।

ਇਹਨਾਂ ਡੇਦ-ਦੋ ਮਹੀਨਿਆਂ ਵਿਚ ਮੈਂ ਬੜਾ ਕੁਝ ਵੇਖਿਆ ਹੈ। ਵਧੀਆ ਵਧੀਆ ਘਰ। ਸੋਫੇ, ਕੁਰਸੀਆਂ, ਗਲੀਚੇ, ਕਈ ਕੁਝ, ਤੇ ਲੋਕ! ਨੋਟਾਂ ਦੀਆਂ ਬੋਰੀਆਂ ਭਰੀ ਬੈਠੇ ਲੋਕ ਤੇ ਕਈ ਆਮ ਜਿਹਾ ਗੁਜ਼ਾਰਾ ਕਰਨ ਵਾਲੇ ਲੋਕ। ਘਰਾਂ ਦੇ ਅੰਦਰ ਤਾਂ ਮੈਨੂੰ ਕੌਣ ਜਾਣ ਦੇਂਦਾ ਹੈ, ਬੱਸ ਬਾਹਰਲੇ ਬੂਹੇ ਦੇ ਖੁੱਲ੍ਹਣ ਨਾਲ ਜੋ ਨਜ਼ਰ ਆਉਂਦਾ ਹੈ, ਉਹੋ ਕੁਝ ਵੇਖ ਕੇ ਹੈਰਾਨ ਹੁੰਦੀ ਸਾਂ। ਤੇ ਲੋਕ ਵੇਖਣ ਨੂੰ ਬੜੇ ਹੀ ਸਾਊ ਲਗਦੇ ਸਨ। ਔਰਤਾਂ ਜਿਵੇਂ ਦੇਵੀਆਂ ਹੋਣ ਤੇ ਮਰਦ ਜਿਵੇਂ ਦੇਵਤੇ। ਹੌਲੀ-ਹੌਲੀ ਗੱਲਾਂ ਕਰਨ ਵਾਲੇ।

ਸਾਡੇ ਵਾਂਗ ਨਹੀਂ ਧਈ ਜੋ ਜੀ 'ਚ ਆਈ ਮੂੰਹ 'ਤੇ ਮਾਰ ਦਿਤੀ। ਗਾਲਾਂ ਕੱਢੀਆਂ ਤਾਂ ਉੱਚੀ ; ਲੜੇ ਤਾਂ ਮੱਚ ਕੇ ; ਤੇ ਜੇ ਕਦੇ ਪਿਆਰ ਕੀਤਾ ਤਾਂ ਉਹ ਵੀ ਬਿਨਾਂ ਸੰਗ-ਸੰਕੋਚ ਦੇ। ਮਹੀਨਾ ਕੁ ਤਾਂ ਮੈਂ ਏਦਾਂ ਹੀ ਸੋਚਦੀ ਰਹੀ ਬਈ ਏਥੋਂ ਦੇ ਲੋਕ ਕਿੰਨੇ ਸਾਫ਼-ਸੁਥਰੇ ਨੇ, ਘੱਟ ਬੋਲਣ ਵਾਲੇ ਨੇ, ਕੂਨੇ ਜਿਹੇ ਨੇ। ਹੋਰ ਭਲਾ ਕੀ ਪਤਾ ਲੱਗਣਾ ਸੀ ? ਮੈਂ ਕਿਹੜਾ ਉਹਨਾਂ ਦੇ ਅੰਦਰੀ ਵੜ੍ਹ-ਵੜ੍ਹ ਵੇਖਿਆ ਸੀ ? ਮਕਾਨ ਦੀ ਘੰਟੀ ਵਜਾਈ, ਘਰ ਵਾਲਿਆਂ ਕੂੜਾ ਦਿੱਤਾ ਤੇ ਆਪਾਂ ਤੁਰ ਧਏ ਲੈ ਕੇ ਗੰਦੇ ਨਾਲੇ ਵੱਲ। ਬੱਸ। ਇਹ ਤਾਂ ਭਲਾ ਹੋਵੇ ਉਹਦਾ ਜਿਹਨੇ ਮੈਨੂੰ ਅੰਦਰ ਦੀਆਂ ਗੱਲਾਂ ਦੱਸੀਆਂ ਹਨ।

ਕੋਈ ਪੰਦਰਾਂ ਕੁ ਦਿਨ ਧਹਿਲਾਂ ਦੀ ਗੱਲ ਹੈ। ਧੁੱਪ ਤਾਂ ਸੀ ਹੀ ਤੇ ਗਰਮੀ ਵੀ ਤੇ ਬਾਰਾਂ-ਇਕ ਵਜੇ ਦੁਪਹਿਰ ਦਾ ਵੇਲਾ ਤੇ ਉਤੋਂ ਮਈ ਦਾ ਮਹੀਨਾ। ਕੂੜੇ ਦਾ ਅਜੇ ਪਹਿਲਾ ਪੀਪਾ ਹੀ ਗੰਦੇ ਨਾਲੇ ਦੇ ਕੰਢੇ ਤੇ ਸੁੱਟਿਆ ਹੀ ਸੀ ਕਿ ਮੈਨੂੰ ਇਕ ਘੁਰ-ਘੁਰ ਦੀ ਆਵਾਜ਼ ਆਈ। ਧਹਿਲਾਂ ਤਾਂ ਮੈਂ ਗੋਲਿਆ ਹੀ ਨਾ। ਧਰ ਆਵਾਜ਼ ਫੇਰ ਆਈ। ਤੇ ਮੈਂ ਏਧਰ-ਉਧਰ ਨਜ਼ਰ ਦੋੜਾਈ। ਕੋਈ ਵੀ ਨਹੀਂ ਸੀ। ਸੱਤ-ਅੱਠ ਸੂਰ ਕੂੜੇ 'ਚ ਮੂੰਹ ਮਾਰ ਰਹੇ ਸਨ। ਕੁਝ ਛੋਟੇ ਤੇ ਕੁਝ ਵੱਡੇ। ਤੇ ਇਕ ਸੂਰ ਗੰਦੇ ਨਾਲੇ ਦੇ ਵਿਚਕਾਰੇ ਪਿਆ ਸੀ। ਮੈਥੋਂ ਚਾਰ-ਪੰਜ ਗਜ਼ ਦੀ ਵਿੱਥ ਤੇ। ਥੂਥਣੀ ਬਾਹਰ ਕੱਢੀ ਹੋਈ ਤੇ ਮੇਰੇ ਵੱਲ ਝਾਕ ਰਿਹਾ। ਮੈਂ ਮੁੜਨ ਲੱਗੀ। ਫੇਰ ਇਕ ਘੁਰ-ਘੁਰ ਹੋਈ। ਮੈਂ ਫੇਰ ਮੁੜ ਕੇ ਪਿੱਛੇ ਵੇਖਿਆ। ਸੂਰ ਨੇ ਐਤਕਾਂ ਪੂਰੀ ਬੁਲਬੁਲੀ ਮਾਰੀ ਤੇ ਫੇਰ ਉਠ ਪਿਆ। ਜਦੋਂ ਗਾਰੇ ਤੇ ਮਿੱਟੀ ਨਾਲ ਲਿਬੜੀ ਹੋਈ ਉਹਦੀ ਵੱਡੀ ਸਾਰੀ ਦੇਹ ਨੂੰ ਵੇਖਿਆ ਤਾਂ ਜਾਪਿਆ ਜਿਵੇਂ ਇਹ ਸੂਰ ਨਹੀਂ ਬਲਕਿ ਹਾਥੀ ਸੀ। ਹੋਲੀ-ਹੋਲੀ ਉਹ ਮੇਰੇ ਕੋਲ ਜਿਹੇ ਆ ਗਿਆ। ਕੂੜੇ ਨੂੰ ਸੁੰਘਿਆ ਤੇ ਪੁੱਛਣ ਲੱਗਾ :

— ਇਹ ਕਿਹੜੇ ਘਰ ਦਾ ਕੂੜਾ ਲਿਆਈ ਐਂ ? —ਮੈਂ ਹੈਰਾਨ ਹੋਈ ਉਹਦੇ ਮੂੰਹ ਵੱਲ ਵੇਖੀ ਜਾਵਾਂ। ਹੱਕੀ-ਬੱਕੀ। ਤੇ ਡਰੀ ਹੋਈ।

— ਡਰਦੀ ਕਿਉਂ ਆਂ ਮੈਥੋਂ, ਮੈਂ ਕੋਈ ਸ਼ੀਂਹ ਤਾਂ ਨਈਂ। —ਉਹ ਫੇਰ ਬੋਲਿਆ। ਮੈਂ ਹੋਰ ਵੀ ਹੈਰਾਨ ਹੋਈ। ਜਾਪਿਆ ਜਿਵੇਂ ਮੈਂ ਕੋਈ ਸੁਪਨਾ ਵੇਖ ਰਹੀ ਸਾਂ। ਆਪਣੀ ਬਾਂਹ ਤੇ ਚੂੰਢੀ ਵੱਢੀ। ਮੈਨੂੰ ਪੀੜ ਹੋਈ। ਨਹੀਂ, ਮੈਂ ਤਾਂ ਜਾਗਦੀ ਸਾਂ। ਤੇ ਉਹ ਬੋਲ ਰਿਹਾ ਸੀ। ਇਕ ਸੂਰ।

— ਭਾਈ, ਮੈਂ ਕੋਈ ਭੂਤ ਤਾਂ ਨਈਂ......ਤੂੰ ਤਾਂ ਸੁੰਨ ਜਿਹੀ ਹੋਗੀ। —ਉਹ ਬੋਲਿਆ।

— ਪਰ......ਪਰ ਤੂੰ ਬੋਲਣ ਕਦੋਂ ਤੋਂ ਲੱਗ ਪਿਐਂ ? —ਉਹ ਹੱਸ ਪਿਆ। ਉੱਚੀ-ਉੱਚੀ। ਬੂਥਾ ਤਾਂਹ ਚੁੱਕ ਕੇ।

— ਜਦੋਂ ਦੀ ਇਸ ਸ਼ਹਿਰ ਦੇ ਲੋਕਾਂ ਦੀ ਬੋਲਤੀ ਬੰਦ ਹੋਈ ਐ। —ਉਹ ਫੇਰ ਹੱਸਿਆ।

— ਤੈਨੂੰ ਕਿੱਦਾਂ ਪਤੈ ? —ਮੈਂ ਪੁੱਛਿਆ।



— ਮੈਨੂੰ ਸਭ ਪਤਾ......ਮੈਨੂੰ ਤਾਂ ਇਹ ਵੀ ਧਤੈ ਕਿ ਕਿਹੜੇ ਘਰ ਵਿਚ ਕੀ ਹੋ ਰਿਹੈ। ਉਹ ਬੋਲਿਆ। ਬੜਾ ਗੰਭੀਰ ਹੋ ਕੇ।

— ਦੱਸ ਫੇਰ ਇਹ ਕੂੜਾ ਕਿਹੜੇ ਘਰ ਦਾ ? —

— ਅੱਛਾ ! ਤੂੰ ਮੇਰਾਂ ਇਮਤਿਹਾਨ ਲੈਣਾ ਚਾਹੁੰਨੀ ਆਂ...ਹੈਂ ? ......ਲੈ ਹੁਣੇ ਦੱਸ ਦੇਨਾਂ। —ਉਹਨੇ ਕਿਹਾ, ਤੇ ਫੇਰ ਉਸ ਕੂੜੇ ਨੂੰ ਫੋਲਣ ਲੱਗ ਪਿਆ। ਥੂਥਣੀ ਨਾਲ।

— ਵਕੀਲਾਂ ਦੇ ਘਰ ਦਾ ਈ। —ਉਹਨੇ ਕਿਹਾ, ਤੇ ਮੈਂ ਹੈਰਾਨ ਬਈ ਕਮਾਲ ਐ। ਇਹਨੂੰ ਕਿਵੇਂ ਪਤਾ ਲੱਗ ਗਿਆ।

— ਬਈ ਤੂੰ ਤਾਂ ਵਾਕਿਆ ਈ ਦੱਸ 'ਤਾ......ਪਰ ਕਿਵੇਂ ਬੁੱਝ ਲਿਆ ਤੂੰ ? —ਮੇਰੀ ਹੈਰਾਨਗੀ ਦਾ ਕੋਈ ਅੰਤ ਨਹੀਂ ਸੀ। ਮੈਂ ਕਦੇ ਕੋਈ ਸੂਰ ਬੋਲਦਾ ਨਹੀਂ ਸੀ ਵੇਖਿਆ। ਇਹ ਕ੍ਰਿਸ਼ਮਾ ਪਹਿਲੀ ਵਾਰ ਹੋਇਆ ਸੀ। ਤੇ ਹੁਣ ਉਹਨੇ ਕੂੜੇ ਨੂੰ ਮਾੜਾ ਜਿਹਾ ਫੋਲ ਕੇ ਘਰ ਵੀ ਦੱਸ ਦਿੱਤਾ ਸੀ।

— ਤੂੰ ਕਿਸੇ ਸੂਰ ਦੇ ਭੇਸ ਵਿਚ ਕੋਈ ਜਾਦੂਗਰ ਤੇ ਨਹੀਂ ?

— ਜਾਦੂ-ਜੂਦੂ ਕੁਸ਼ ਨਈਂ ਹੁੰਦਾ ਜਮਾਂਦਾਰਨੀਏ......ਇਹ ਐਵੇਂ ਲੋਕਾਂ ਦੇ ਵਹਿਮ ਨੇ। ਅਸੀਂ ਲੋਕ ਤਾਂ ਖੋਜੀ ਹੁੰਨੇ ਆਂ। ਆਹ ਤੇਰੀ ਦੁਨੀਆਂ ਦੇ ਲੋਕ ਸਾਨੂੰ ਸੂਰ ਆਖਦੇ ਨੇ ਤੇ ਵੇਖ ਕੇ ਨੱਕ-ਮੂੰਹ ਮਰੋੜਦੇ ਨੇ ਅਖੇ ਅਸੀਂ ਬੜੀ ਗੰਦੀ ਤੇ ਗਲੀਜ਼ ਕੋਮ ਆਂ। ਪਰ ਮੈਂ ਦਾਅਵੇ ਨਾਲ ਕਹਿ ਸਕਦਾਂ ਕਿ ਇਹਨਾਂ ਤੋਂ ਗੰਦਾ ਤੇ ਗਲੀਜ਼ ਹੋਰ ਕੋਈ ਨਹੀਂ ਊਂ। —ਉਹ ਬੜੇ ਭਰੋਸੇ ਨਾਲ ਬੋਲ ਰਿਹਾ ਸੀ।

— ਪਰ ਤੁਸੀਂ ਲੋਕ ਕੋਮ ਕਿਵੇਂ ਹੋ ਗਏ ਵੇ ? —ਲੈ ਹੁਣ ਤਾਂ ਹਰ ਬੰਦਾਂ ਈ ਆਪਣੇ-ਆਪ ਨੂੰ ਕੋਮ ਕਹੀ ਜਾਂਦੈ। ਕੀ ਅਸੀਂ ਨਹੀਂ ਕਹਿ ਸਕਦੇ ?

— ਪਰ ਗੰਦਾ ਤੇ ਤੈਨੂੰ ਮੈਂ ਵੀ ਆਖਾਂਗੀ......ਗੰਦੇ ਨਾਲੇ 'ਚ ਵੜ ਕੇ ਬੈਠਾ ਰਹਿੰਨੈਂ......ਗੰਦ 'ਚ ਮੂੰਹ ਮਾਰਦੈਂ। —

— ਇਹੋ ਤਾਂ ਜਮਾਂਦਾਰਨੀਏਂ ਤੈਨੂੰ ਭੁਲੇਖਾ ਏ......ਤੁਸੀਂ ਲੋਕ ਜੋ ਮਰਜ਼ੀ ਆਂਹਦੇ ਫਿਰੋ ਪਰ ਸਾਡੇ ਲੋਕਾਂ ਵਿਚ ਸਾਨੂੰ ਖੋਜੀ ਕਹਿ ਕੇ ਬੁਲਾਇਆ ਜਾਂਦਾ ਹੈ।—

— ਨਾ, ਪਰ ਕਾਹਦੀ ਖੋਜ ਕਰਦਾ ਏਂ ਤੂੰ ? —ਮੈਂ ਪੁੱਛਿਆ :

— ਜਿਹਦੀ ਤੂੰ ਕਰਦੀ ਏਂ......ਤੇ ਇਹ ਬਾਕੀ ਲੋਕ ਕਰਦੇ ਨੇ......ਤੁਸੀਂ ਲੋਕ ਵੀ ਤਾਂ ਰੋਟੀ ਦੀ ਖਾਤਰ ਕੋਈ ਨਾ ਕੋਈ ਮਾੜਾ ਚੰਗਾ ਕੰਮ ਕਰਦੇ ਹੀ ਹੋ ਨਾ, ਤੇ ਏਸੇ ਤਰ੍ਹਾਂ ਅਸੀਂ ਲੋਕ ਵੀ ਕਰਦੇ ਆਂ। —ਉਹ ਹੁਣ ਬੜੇ ਸਹਿਜ ਨਾਲ ਬੋਲ ਰਿਹਾ ਸੀ।

— ਅਸੀਂ ਲੋਕ ਤਾਂ ਰੋਟੀ ਦੀ ਖ਼ਾਤਰ ਕੰਮ ਕਰਦੇ ਹਾਂ, ਖੋਜ-ਵੋਜ ਨਈਂ ਕਰਦੇ। —ਮੈਂ ਕਿਹਾ।

— ਤੂੰ ਤਾਂ ਬਿਲਕੁਲ ਕਮਲੀ ਐਂ ਜਮਾਂਦਾਰਨੀਏ......ਖੋਜ ਕਰਨੀ ਭਲਾ ਕੋਈ ਕੰਮ ਈ ਨ੍ਹੀਂ ?

— ਨਾ ਪਰ ਕਾਹਦੀ ਖੋਜ ਕਰਦਾਂ ਤੂੰ ? ਏਸ ਗੰਦ ਦੀ ? —ਮੈਂ ਪੁੱਛਿਆ।

— ਓ ਭਾਈ, ਇਹ ਵੀ ਤਾਂ ਖੋਜ ਆ......ਕਿਰਤ ਕਰਨ ਦਾ ਇਕ ਢੰਗ ਆ। —

— ਕਿਰਤ ? ਕਾਹਦੀ ਕਿਰਤ ਵੇ ? ......ਗੰਦ ਫੋਲਣਾ ਤੇ ਦੱਸਣੀ ਕਿਰਤ ਕਮਾਈ ? —

— ਓਦਾਂ ਗੰਦ ਤਾਂ ਤੁਸੀਂ ਲੋਕ ਸਾਡੇ ਨਾਲੋਂ ਵੱਧ ਪਾਉਂਦੇ ਤੇ ਫੋਲਦੇ ਓ......ਤੇਰਾ ਤਾਂ ਮੈਨੂੰ ਪਤਾ ਨਈਂ, ਪਰ ਮੈਂ ਇਹਨਾਂ ਸਾਰੇ ਘਰਾਂ ਦੇ ਪੋਤੜੇ ਤੱਕ ਜਾਣਦਾਂ ਜਿਹਨਾਂ ਦਾ ਤੂੰ ਗੰਦ ਲਿਆ ਕੇ ਏਥੇ ਸੁੱਟਦੀ ਐਂ। ਤੂੰ ਤਾਂ ਅਜੇ ਕੱਲ੍ਹ ਈ ਆਈ ਆਂ, ਤੈਥੋਂ ਪਹਿਲਾਂ ਇਕ ਹੋਰ ਜਮਾਂਦਾਰਨੀ ਆਉਂਦੀ ਸੀ। ਉਦੋਂ ਉਹ ਨਵੀਂ-ਨਵੀਂ ਵਿਆਹੀ ਸੀ। ਬੜੀ ਸੋਹਣੀ, ਪਤਲੀ ਤੇ ਮਲੂਕ ਜਿਹੀ। ਪਰ ਉਹ ਏਡੀ ਕਾਹਲ ਵਿਚ ਹੁੰਦੀ ਸੀ ਕਿ ਮੈਂ ਕਦੇ ਉਹਦੇ ਨਾਲ ਗੱਲ ਕਰਨੀ ਮੁਨਾਸਿਬ ਹੀ ਨਈਂ ਸਮਝੀ।......ਹੁਣ ਉਹ ਬੱਚਾ ਜੰਮਣ ਲਈ ਛੁੱਟੀਆਂ ਲੇ ਕੇ ਬਹਿ ਗਈ ਹੈ ਸ਼ਾਇਦ। ਜਾਂ ਸ਼ਾਇਦ ਕਿਸੇ ਨੇ ਕੰਮ ਤੋਂ ਹੀ ਜੁਆਬ ਦੇ 'ਤਾ, ਪਤਾ ਨਈਂ ?—

— ਨਈਂ-ਨਈਂ ਕੰਮ ਤੋਂ ਜੁਆਬ ਨਈਂ ਹੋਇਆ, ਉਹ ਮਾਂ ਬਣਨ ਵਾਲੀ ਆ ਤੇ ਮੇਰੀ ਭਰਜਾਈ ਲੱਗਦੀ ਆ। —

— ਅੱਛਾ ! ਅੱਛਾ !! ਤਾਂ ਹੀ ਤੂੰ ਉਹਦੀ ਡਿਊਟੀ ਸੰਭਾਲ ਲਈ ਹੈ......ਖੈਰ, ਮੇਰਾ ਕਹਿਣ ਦਾ ਮਤਲਬ ਸੀ ਕਿ ਸਾਡੀ ਕੌਮ ਨੂੰ ਐਵੇਂ ਹੀ ਬੱਦੂ ਕੀਤਾ ਜਾਂਦਾ ਵਾ ਪਈ ਅਸੀਂ ਲੋਕ ਗੰਦੇ ਆ। ਕਦੇ ਵੇਖਿਆ ਸਾਨੂੰ ਗੰਦ ਪੈਦਾ ਕਰਦਿਆਂ ? ਕਦੇ ਸਾਡਾ ਵੀ ਕੂੜਾ ਤੈਨੂੰ ਢੋਣਾ ਪਿਆ ? ......ਅਸੀਂ ਤਾਂ ਭਾਈ ਖਾਲਕ ਦੀ ਸਭ ਤੋਂ ਵਧੀਆ ਮਖ਼ਲੂਕ ਆਂ......ਇਹ ਖੋਜ ਕਰਨ ਦਾ ਕੰਮ ਸਾਡੀ ਰੋਟੀ ਆ, ਤੇ ਰੋਟੀ ਲਈ ਸਭ ਨੂੰ ਕੁਸ਼ ਨਾ ਕੁਸ਼ ਕਰਨਾ ਪੈਂਦਾ ਵਾ। ਤੇਰੇ ਏਸ ਸ਼ਹਿਰ ਦੇ ਲੋਕ ਹੋਰ ਤਰ੍ਹਾਂ ਕਰਦੇ ਨੇ ਤੇ ਅਸੀਂ ਹੋਰ ਤਰ੍ਹਾਂ ਕਰਦੇ ਆ। ਬੜੇ ਦਾਨੇ ਬਜ਼ੁਰਗਾਂ ਵਾਂਗ ਉਹ ਕਹਿੰਦਾ ਹੈ।

— ਸਭ ਝੂਠ ਐ ਤੇਰਾ, ਗੰਦ 'ਚੋਂ ਕਾਹਦੀ ਖੋਜ ? —ਮੈਨੂੰ ਮਾੜਾ ਜਿਹਾ ਗੁੱਸਾ ਆ ਗਿਆ ਸੀ।

— ਗੱਲ ਸੁਣ, ਇਹ ਤੁਹਾਡੇ ਮਿੱਟੀ ਛਾਣਦੇ ਨੇ, ਖਾਕਾਂ ਪੁੱਟਦੇ ਨੇ, ਭਲਾ ਕਾਹਦੇ ਲਈ ? ਸੋਨਾ-ਚਾਂਦੀ ਲੱਭਣ ਲਈ। ਕੋਲਾ ਟੋਲਣ ਲਈ। ਫੇਰ ਧਾਤਾਂ ਲੱਭਦੇ ਨੇ। ਤੇ ਜਦੋਂ ਅਸੀਂ ਲੋਕ ਇਹਨਾਂ ਦਾ ਪਾਇਆ ਗੰਦ ਫੋਲਦੇ ਆਂ ਤਾਂ ਤੂੰ ਇਹਨੂੰ ਕੰਮ-ਕਾਰ ਈ ਨਈਂ ਮੰਨਦੀ। ......ਭਾਈ ਇਹ ਵੀ ਕੰਮ ਹੈ। ਸਗੋਂ ਸਾਡੀ ਏਸ ਖੋਜ ਨਾਲ ਦੋ ਕੰਮ ਨੇਪਰੇ ਚੜ੍ਹਦੇ ਨੇ। —



— ਉਹ ਕਿਹੜੇ ਬਈ ? —ਮੈਂ ਪੁੱਛਦੀ ਹਾਂ।

— ਇਕ ਸਾਨੂੰ ਖਾਣ-ਪੀਣ ਨੂੰ ਲੱਭ ਜਾਂਦਾ ਇਹਦੇ 'ਚੋਂ, ਤੇ ਦੂਜਾ ਅਸੀਂ ਇਹਨੂੰ ਸੁੱਟਣ ਵਾਲਿਆਂ ਦਾ ਕੱਲਾ-ਕੱਲਾ ਭੇਤ ਜਾਣ ਲੈਂਦੇ ਆਂ। ਤੈਨੂੰ ਮੈਂ ਦੱਸਾਂ......ਜੇ ਤੁਸੀਂ ਕਿਸੇ ਘਰ ਦਾ ਪੂਰਾ-ਪੂਰਾ ਭੇਤ ਲੈਣਾ ਚਾਹੁੰਦੇ ਹੋ ਤਾਂ ਉਹਦਾ ਕੂੜਾ ਫੋਲ ਲਉ— ਬੱਸ। ਕੂੜਾ ਇਕ ਤਰ੍ਹਾਂ ਨਾਲ ਸੱਚ ਦਾ ਪਥਰਾਇਆ ਹੋਇਆ ਰੂਪ ਐ। ਤੇ ਸਾਡਾ ਖੋਜ ਦਾ ਕੰਮ ਇਕ ਤਰ੍ਹਾਂ ਨਾਲ ਖੁਦਾਈ ਕਰਨਾ ਹੈ। ......ਐਵੇਂ ਤਾਂ ਨਹੀਂ ਤੈਨੂੰ ਮੈਂ ਮਿੰਟ 'ਚ ਦੱਸ ਦਿੱਤਾ ਬਈ ਇਹ ਵਕੀਲਾਂ ਦੇ ਘਰ ਦਾ ਕੂੜਾ ਵਾ। —ਉਹ ਬੋਲੀ ਜਾ ਰਿਹਾ ਸੀ।

— ਚੱਲੋ ਮੰਨ ਲਈ ਗੱਲ ਬਈ ਤੈਨੂੰ ਮਾੜਾ-ਮੋਟਾ ਪਤਾ ਲੱਗ ਜਾਂਦਾ ਹੋਊ ਉਹਨਾਂ ਦੇ ਘਰ ਦਾ, ਪਰ ਜਿਵੇਂ ਤੂੰ ਕਹਿਨਾਂ ਬਈ ਸਾਰਾ ਗਿਆਨ ਹੋ ਜਾਂਦਾ ਤੈਨੂੰ, ਇਹ ਗੱਲ ਝੂਠੀ ਆ। —

— ਬੱਲੇ ਬਈ ਜਮਾਂਦਾਰਨੀਏਂ, ਮੰਨ ਗਏ ਤੈਨੂੰ ਵੀ......ਓ ਭਾਈ, ਤੈਨੂੰ ਤਾਂ ਇਹ ਲੋਕ ਅੰਦਰ ਵੜਣ ਨਈਂ ਦੇਂਦੇ ਪਰ ਸਾਡੀ ਖੋਜੀ ਬਰਾਦਰੀ ਕੋਲ ਤਾਂ ਇਹਨਾਂ ਦੀ ਮਿੰਟ-ਮਿੰਟ ਦੀ ਖਬਰ ਹੁੰਦੀ ਆ। ਤੂੰ ਤਾਂ ਬੱਸ ਆਹ ਡੂਢ-ਦੋ ਘੰਟੇ ਲਾ ਕੇ ਘਰ ਨੂੰ ਭੱਜ ਜਾਣਾ, ਪਰ ਅਸੀਂ ਤਾਂ ਸਾਰਾ ਦਿਨ ਤੇ ਸਾਰੀ ਰਾਤ ਰਹਿੰਦੇ ਈ ਐਥੇ ਆਂ। ਕੋਠੇ ਤੇ ਕੀ ਹੋਇਆ, ਵੇਹੜੇ 'ਚ ਕੀ ਹੋਇਆ, ਸੜਕ ਤੇ ਕੀ ਹੋਇਆ-ਬੀਤਿਆ, ਸਭ ਕੁਸ਼ ਦੀ ਖ਼ਬਰ ਹੁੰਦੀ ਆ ਸਾਨੂੰ, ਤੇ ਰਹਿੰਦੀ ਦੀ ਅਸੀਂ ਖੋਜ ਕਰ ਲੈਨੇ ਆਂ ਮੂੰਹ ਨਾਲ ਖੁਦਾਈ ਕਰਕੇ। —

— ਚਲੋ ਬਈ ਮੰਨ ਲਈ ਤੇਰੀ ਗੱਲ ਬਈ ਤੂੰ ਖੋਜੀ ਆਂ......ਤਾਂ ਫਿਰ ਦੱਸ ਬਈ ਵਕੀਲਾਂ ਦੇ ਘਰ 'ਚ ਕੀ ਵਾਪਰਦਾ ? —

— ਅੱਛਾ ! ਕਿਹੜੀ ਦੱਸਾਂ ? ਖੁਦਾਈ ਦੀ ਖ਼ਬਰ ਕਿ ਅੱਖੀਂ ਵੇਖੀਂ ? —ਉਹ ਨੇ ਕਿਹਾ।

— ਦੋਵੇਂ ਹੀ ਦੱਸ ਦੇ ? —ਮੈਂ ਜੁਆਬ ਦਿੱਤਾ।

— ਅੱਛਾ ! ਲੈ ਫੇਰ ਪਹਿਲਾਂ ਖੁਦਾਈ ਦੀ ਖ਼ਬਰ ਸੁਣ। —ਉਹਨੇ ਕਿਹਾ ਤੇ ਫੇਰ ਉਸ ਕੂੜੇ ਵਿਚ ਵਾਹੋਦਾਹੀ ਮੂੰਹ ਮਾਰਨ ਲੱਗ ਪਿਆ। ਕਈ ਕਾਗਜ਼-ਪੱਤਰ ਸਨ ਕੂੜੇ ਵਿਚ। ਕਈ ਸਬਜ਼ੀਆ-ਭਾਜੀਆਂ ਤੇ ਰੋਟੀਆਂ। ਤੇ ਕਾਗਜਾਂ-ਲਫਾਫਿਆਂ ਦੇ ਨਿੱਕੇ-ਨਿੱਕੇ ਟੁੱਕੜੇ। ਉਹਨੇ ਉਹ ਸਭ ਵੇਖੇ। ਸਬਜ਼ੀਆਂ-ਭਾਜੀਆਂ ਤੇ ਰੋਟੀਆਂ ਉਹਨੇ ਪਾਸੇ ਕਰ ਲਈਆਂ ਤੇ ਬਾਕੀ ਸਭ ਕੁੱਝ ਨੂੰ ਧਿਆਨ ਨਾਲ ਵੇਖਿਆ। ਤੇ ਫੇਰ ਉਹ ਬੋਲਣ ਲੱਗ ਪਿਆ।

— ਬੜਾ ਵੱਡਾ ਠੱਗ ਈ ਇਹ ਵਕੀਲ ਤੇਰਾ। ਗਰੀਬ ਲੋਕਾਂ ਦੀ ਪੂਰੀ ਚੰਮ ਲਾਹੁੰਦਾ। ਏਸ ਮਹੀਨੇ ਇਹਨੇ ਇਕ ਲੱਖ ਤੋਂ ਉੱਤੇ ਬਣਾਇਆ। ਸਾਰਾ ਹਿਸਾਬ-ਕਿਤਾਬ

ਕਰਕੇ ਕਾਗਜ਼ ਧਾੜ ਕੇ ਸੁੱਟ ਦਿੱਤਾ। ਬੰਦਾ ਸਮਝਦਾ ਬਈ ਇਹ ਉਹਦਾ ਮੁਕੱਦਮਾ ਲੜ ਰਿਹੈ, ਤੇ ਇਹ ਸਗੋਂ ਮੁਕੱਦਮੇ ਨੂੰ ਹੋਰ ਪੇਚੀਦਾ ਬਣਾਉਂਦੈ ਤਾਂ ਕਿ ਪਾਰਟੀ ਹੱਥਾਂ 'ਚੋਂ ਸਾਰੀ ਉਮਰ ਨਾ ਨਿਕਲੇ। ਆਹ ਪਿਛਲੇ ਸਾਲ ਤੋਂ ਮੈਂ ਉਹੋ ਪੰਦਰਾਂ-ਵੀਹ ਨਾਂ ਈ ਪੜ੍ਹੀ ਜਾਣ ਡਿਆ ਹੋਇਆਂ। ਫੇਰ ਕਦੇ ਕਾਂਗਰਸ ਨਾਲ ਰਲ ਜਾਂਦੇ ਕਦੇ ਕਮਿਊਨਿਸਟਾਂ ਨਾਲ। ਜਿਹਦਾ ਪੱਲਾ ਭਾਰੀ ਬੱਸ ਉਹਦੇ ਵੱਲ। ਤੇ ਉਹਨਾਂ ਦੇ ਸ਼ਰਧਾਲੂਆਂ ਦੇ ਮੁਕੱਦਮੇ ਵੀ ਇਹੋ ਲੜਦੈ। ਪਹਿਲਾਂ ਇਹ ਅਕਾਲੀਆਂ ਨਾਲ ਸੀ। ਨੀਲੀ ਬੰਨ੍ਹਦਾ ਸੀ। ਅਕਾਲੀਆਂ ਲਈ ਪੰਜਾਬੀ ਵਿਚ ਇਕ ਪਰਚਾ ਵੀ ਕੱਢਦਾ ਰਿਹੈ। ਪੰਜਾਂ ਕਕਾਰਾਂ ਬਾਰੇ ਛਾਪਦਾ ਰਿਹੈ, ਖਾਸ ਕਰਕੇ ਕੇਸਾਂ ਦੀ ਮਹੱਤਤਾ ਬਾਰੇ। ਤੇ ਪੰਜਾਬੀ ਭਾਸ਼ਾ ਬਾਰੇ। ਪਰ ਇਹਦੇ ਆਪਣੇ ਨਿਆਣੇ ਅੰਗਰੇਜ਼ੀ ਸਕੂਲਾਂ 'ਚ ਪੜ੍ਹਦੇ ਈ। ਘਰ ਵਿਚ ਜਾਂ ਅੰਗਰੇਜ਼ੀ ਬੋਲਦੇ ਨੇ ਜਾਂ ਹਿੰਦੀ। ਪੰਜਾਬੀ ਦਾ ਤਾਂ ਇਹਦੇ ਬੱਚਿਆਂ ਨੂੰ ਡੱਕਾ ਨੀਂ ਆਉਂਦਾ।—

— ਕਿਉਂ ਤੂੰ ਸੁਣਿਆ ਉਹਨਾਂ ਨੂੰ ਬੋਲਦਿਆਂ? —ਮੈਂ ਵਿਚੋਂ ਹੀ ਭੱਜ ਕੇ ਪਈ।

— ਲੈ ਦੱਸ......ਓ ਬੀਬੀ ਇਹ ਤਾਂ ਲੰਘਦੇ ਈ ਸੜਕ ਤੋਂ ਖਰਮਸਤੀ ਕਰਦੇ ਆ......ਚੱਲ ਛੱਡ ਏਸ ਗੱਲ ਨੂੰ, ਤੂੰ ਹੋਰ ਸੁਣ। ......ਦੋ ਕੁ ਸਾਲ ਪਹਿਲਾਂ ਇਹਨਾਂ ਨੇ ਆਪਣਾ ਵੱਡਾ ਮੁੰਡਾ ਵਿਆਹਿਆ ਸੀ। ਕੁੜਮਾਂ ਨੇ ਦਾਜ ਤਾਂ ਦੱਬ ਕੇ ਦਿੱਤਾ। ਇਕ ਕਾਰ, ਇਕ ਫ਼ਰਿਜ, ਟੀ. ਵੀ., ਵੀ. ਸੀ. ਆਰ., ਢੇਰ ਸੋਨਾ ਪਾਇਆ ਕੁੜੀ ਨੂੰ ਤੇ ਨਾਲ ਛੱਤੀ ਸੌ ਕੱਪੜਾ-ਲੱਤਾ। ਪਰ ਮਸਾਂ ਇਕ ਸਾਲ ਹੀ ਲੰਘਿਆ, ਤੇ ਉਹ ਵੀ ਬੜੀ ਸਾਊ ਤੇ ਭਲੀ ਨੂੰਹ ਦੀ ਕੁੱਟ ਮਾਰ ਕਰਦਿਆਂ। ਕੋਈ ਫੈਕਟਰੀ ਲਾਉਣੀ ਸੀ। ਨੂੰਹ ਨੂੰ ਕਹਿੰਦੇ ਪਿਉ ਕੋਲੋਂ ਪੰਜਾਹ ਲੱਖ ਰੁਪਿਆ ਲਿਆ ਕੇ ਦੇਵੇ ਨਹੀਂ ਤਾਂ ਭੱਜ ਜਾਏ ਏਥੋਂ। ਪਤਾ ਨਹੀਂ ਉਹਨੇ ਪਿਉ ਤੋਂ ਪੁੱਛਿਆ ਕਿ ਨਹੀਂ ਪੁੱਛਿਆ, ਪਰ ਇਕ ਦਿਨ ਰਸੋਈ ਦੇ ਸਟੋਵ ਤੋਂ ਉਹਨੂੰ ਅੱਗ ਜ਼ਰੂਰ ਲੱਗ ਗਈ। ਉਹਦੇ ਕੱਪੜਿਆਂ ਦੀ ਸੁਆਹ ਵੀ ਏਥੇ ਈ ਕਿਤੇ ਪਈ ਹੋਣੀ ਐਂ ਗੰਦੇ ਨਾਲੇ ਤੇ। ......ਖ਼ੈਰ ਜੀ ਮੁਕੱਦਮਾ ਚੱਲਿਆ, ਪਰ ਇਹ ਸਾਰੇ ਸਾਫ ਬਰੀ ਹੋ ਗਏ।—

— ਅੱਛਾ, ਏਦਾਂ ਦੀ ਗੱਲ ਐ। —ਹੈਰਾਨ ਹੁੰਦਿਆਂ ਮੈਂ ਬੋਲੀ। ਮੈਨੂੰ ਉਹਦੀਆਂ ਗੱਲਾਂ ਦਾ ਯਕੀਨ ਆਉਣ ਲੱਗ ਪਿਆ ਸੀ।

— ਏਹੀ ਨਈਂ, ਇਹਨਾਂ ਦੀ ਵੱਡੀ ਕੁੜੀ ਦਾ ਕਿਸੇ ਛੋਟੀ ਜਾਤ ਦੇ ਮੁੰਡੇ ਨਾਲ ਇਸ਼ਕ ਸੀ। ਉਹਦੇ ਨਾਲ ਵਿਆਹ ਕਰਨਾ ਚਾਹੁੰਦੀ ਸੀ। ਢਿੱਡ ਵਿਚ ਉਹਦਾ ਬੱਚਾ ਵੀ ਪਲ ਰਿਹਾ ਸੀ। ਇਹਨਾਂ ਨੇ ਓਸ ਵਿਚਾਰੇ ਮੁੰਡੇ ਨੂੰ ਕਿੱਥੇ ਖਪਾ ਦਿੱਤਾ ਕੁਸ਼ ਪਤਾ ਨਹੀਂ। ਮੈਨੂੰ ਸਿਰਫ ਐਨਾ ਈ ਪਤੈ ਪਈ ਜਦੋਂ ਕੁੜੀ ਦੇ ਨਿਆਣਾ ਜੰਮਿਆ ਤਾਂ ਇਹਨਾਂ ਨੇ ਮਾਰ ਕੇ ਏਥੇ ਈ ਸੁੱਟਿਆ ਸੀ। —ਗੰਦੇ ਨਾਲੇ ਵਿਚ।—

— ਤੇ ਹੁਣ ਕਿੱਥੇ ਆ ਉਹ ਕੁੜੀ? —ਮੈਂ ਪੁੱਛਿਆ।



— ਉਹਨੂੰ ਤਾਂ ਫੇਰ ਇਹਨਾਂ ਵਲੈਤ ਤੋਰ ਦਿਤਾ ਸੀ ਕਿਸੇ ਨਾਲ ਵਿਆਹ ਕੇ।—

— ਪਰ ਵੇਖਣ ਨੂੰ ਤਾਂ ਇਹ ਬੜੇ ਸਾਊ ਲੱਗਦੇ ਆ।—

— ਏਹੋ ਤੇ ਗੱਲ ਆ, ਇਹ ਵੱਡੇ ਲੋਕ ਵੇਖਣ ਨੂੰ ਹੀ ਸਾਊ ਲੱਗਦੇ ਆ।—

— ਹੈਅ......ਇਹਦਾ ਮਤਲਬ ਆ, ਤੂੰ ਸਭ ਕੁਸ਼ ਜਾਣਦਾ ਸ਼ਹਿਰ ਦੇ ਲੋਕਾਂ ਬਾਰੇ। ਮੇਰੇ ਤਾਂ ਜਿਵੇਂ ਕਪਾਟ ਖੁੱਲ੍ਹ ਗਏ ਸਨ। ਸੋਚਿਆ : ਮਨਾਂ, ਅਸੀਂ ਲੋਕ ਤਾਂ ਏਦਾਂ ਦੇ ਨਈਂ।

— ਤਾ ਹੀ ਤਾਂ ਭਾਈ ਤੈਨੂੰ ਕਿਹਾ ਬਈ ਅਸੀਂ ਖੋਜੀ ਲੋਕ ਹੁੰਨੇ ਆਂ, ਪਰ ਤੂੰ ਮੰਨਦੀ ਹੀ ਨਹੀਂ ਸੀ। —ਉਹ ਬੜੇ ਮਾਨ ਨਾਲ ਬੋਲਿਆ।

— ਪਰ ਬਈ ਉਹ ਗਿਆਨੀਆਂ ਦਾ ਟੱਬਰ ਤਾਂ ਮਾੜਾ ਨਈ ਲੱਗਦਾ? —ਮੈਂ ਕਿਹਾ।

— ਕਿਹੜਾ? ਉਹ ਨੁੱਕਰ ਵਾਲਾ? —

— ਆਹੋ।—

— ਲੈ ਉਹਦੀ ਸੁਣ ਲਾ......ਹੁਣ ਪਿੱਛੇ ਜਿਹੇ ਇਹਨੇ ਅੰਮ੍ਰਿਤ ਛਕ ਲਿਐ। ਪਹਿਲਾਂ ਜਦੋਂ ਉਹ ਜੁਆਨ ਹੁੰਦਾ ਸੀ ਤਾਂ ਮੀਟ-ਮੁਰਗੇ ਤੇ ਸ਼ਰਾਬਾਂ ਦੇ ਚੰਗੇ ਆਹੂ ਲਾਹੁੰਦਾ ਹੁੰਦਾ ਸੀ। ਠੇਕੇਦਾਰੀ 'ਚੋਂ ਬੜੇ ਪੈਸੇ ਕਮਾਏ ਇਹਨੇ। ਪਰ ਨਾ ਇਹਦੀ ਬਣਾਈ ਕੋਈ ਸੜਕ ਈ ਸਬੂਤੀ ਰਹੀ ਤੇ ਨਾ ਹੀ ਕੋਈ ਪੁਲ ਇਕ ਸਾਲ ਕੱਟ ਸਕਿਆ। ਇਕ ਪੁਲ ਨੂੰ ਤਾਂ ਇਹਨੇ ਸੁਧੀ ਰੇਤ ਹੀ ਲਾਈ ਸੀ। ਜਦੋਂ ਮੁਸਾਫਰਾਂ ਨਾਲ ਭਰੀ ਹੋਈ ਰੇਲ-ਗੱਡੀ ਉਹਦੇ ਉਤੋਂ ਦੀ ਲੰਘੀ ਤਾਂ ਉਹ ਉਥੇ ਹੀ ਬਹਿ ਗਿਆ। ਤੇ ਅੱਧਿਉਂ ਵੱਧ ਮੁਸਾਫਰ ਮਰ ਗਏ, ਬਾਕੀ ਅੱਧੇ ਜ਼ਖ਼ਮੀ ਹੋ ਕੇ ਹਸਪਤਾਲਾਂ ਜੋਗੇ ਰਹਿ ਗਏ। ਸਰਕਾਰ ਵਿਚ ਇਹਦੇ ਕੁਸ਼ ਬੰਦੇ ਸਨ ਜਿਹਨਾਂ ਤੋਂ ਬਹੁਤੇ ਠੇਕੇ ਇਹੋ ਹੀ ਲੈ ਲੈਂਦਾ ਹੁੰਦਾ ਸੀ। ਉਹਨਾਂ ਨੂੰ ਵੀ ਮੌਜ ਸੀ। ਪੈਸਿਆਂ ਦੇ ਭਰੇ ਟਰੰਕ ਆਰਾਮ ਨਾਲ ਉਹਨਾਂ ਦੇ ਘਰੀਂ ਪਹੁੰਚ ਜਾਂਦੇ ਸਨ। ਤੇ ਏਧਰ ਇਹਦੀਆਂ ਪੌਂ-ਬਾਰਾਂ। ਮੈਂ ਤੈਨੂੰ ਦੱਸਾਂ, ਇਹਦੀਆਂ ਬਣਾਈਆਂ ਬਿਲਡਿੰਗਾਂ ਥੱਲੇ ਕਿੰਨੇ ਕੁ ਲੋਕ ਆ ਕੇ ਮਰ ਗਏ, ਕੋਈ ਹਿਸਾਬ ਈ ਨਈਂ। ਬੜੀ ਵਾਰ ਅਖ਼ਬਾਰਾਂ 'ਚ ਰੌਲਾ ਵੀ ਪਿਆ। ਇਹਦੀਆਂ ਫੋਟੋਆਂ ਛਪੀਆਂ। ਪਰ ਇਹਦੇ ਬੱਝਣ ਨਾਲ ਕਈ ਹੋਰ ਬੱਝਦੇ ਸਨ। ਅੰਤ ਸਰਕਾਰ ਨੇ ਇਹਦੀ ਫਾਈਲ ਹੀ ਠੱਪ ਕਰ ਦਿੱਤੀ।—

— ਅੱਛਾ! ਪਰ ਇਹ ਤਾਂ ਹੁਣ ਜਦੋਂ ਵੇਖੋ ਪਾਠ ਕਰ ਰਿਹਾ ਹੁੰਦਾ। ਹੱਥ 'ਚ ਮਾਲਾ ਹੁੰਦੀ ਆ ਤੇ ਨਾਲ ਗੁਟਕਾ।—

— ਆਹੋ, ਹੁਣ ਅੰਮ੍ਰਿਤ ਛਕ ਲਿਆ ਨਾ ਇਹਨੇ...ਤੇ ਜਿੱਦਣ ਦਾ ਛਕਿਆ ਓਦਣ ਦਾ ਘਰ ਵਾਲਿਆਂ ਨੂੰ ਵਖ਼ਤ ਪਾਇਐ ਹੋਇਐ। ਜਿਹੜਾ ਏਸ ਘਰ 'ਚ ਸ਼ਰਾਬ ਜਾਂ ਮੀਟ ਦਾ ਸੇਵਨ ਕਰੂ ਉਹਦਾ ਬੇੜਾ ਗ਼ਰਕ ਕਰ ਦੇਣਾ। ਆਪਣੀ ਔਰਤ ਨੂੰ ਟੁੱਟ-ਟੁੱਟ ਪੈਂਦਾ। ਉੱਚੀ-ਉੱਚੀ ਬੋਲਦਾ, ਗਾਲਾਂ ਕਢਦਾ। ਅਖੇ : ਤੁਸੀਂ ਮੈਨੂੰ ਭਜਨ

ਨ੍ਹੀਂ ਸੁਣਨ ਦੇਂਦੇ।...ਇਕ ਦਿਨ ਇਹਦੀ ਛੋਟੀ ਧੀ ਨੇ ਕਿਤੇ ਆਪਣੇ ਵਾਲ ਥੱਲਿਉਂ ਥੋੜੇ-ਥੋੜੇ ਕੱਟ ਲਏ, ਉਹਨੂੰ ਕਿਤੇ ਸਿਰ ਵਾਹੁਦੀ ਨੂੰ ਵੇਖ ਲਿਆ ਇਹਨੇ। ਬੱਸ ਪੁੱਛ ਨਾ ਉਹਦੀ ਕੀ ਬਾਬ ਕੀਤੀ ਇਹਨੇ। ਅਖੇ ; ਸਿੱਖ-ਬਚਿਆਂ ਨੂੰ ਵਾਲ ਕੱਟਣਾਂ ਮਨਾ ਹੈ। ਜੇ ਮੁੜ ਕੇ ਕੈਂਚੀ ਲਾਈ ਤਾਂ ਮੈਂ ਗਲ ਘੁੱਟ ਕੇ ਮਾਰ ਦੇਣੀ ਆਂ। ਜੇ ਮਾਂ ਨੇ ਠੰਢਿਆਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਹਿੰਦਾ, ਤੂੰ ਆਪ ਕੱਟੇ ਹੋਣੇ ਆਂ ਇਹਦੇ ਵਾਲ। ਤੇ ਉਹ ਵਿਚਾਰੀ ਕੁੜੀ ਪੰਜਾਹ ਵਾਰੀ ਏਥੋਂ ਭੁੱਬਾਂ ਮਾਰਦੀ ਕਾਲਜ ਨੂੰ ਗਈ ਐ। ਮੈਨੂੰ ਤਾਂ ਸੱਚੀ ਆਪ ਰੋਣ ਆ ਜਾਂਦਾ ਸੀ ਉਹਨੂੰ ਡੁਸਕਦੀ ਵੇਖ ਕੇ।...ਰਾਸ਼ਣ ਲੈ ਕੇ ਮੁੰਡਿਆਂ ਤੇ ਵੀ ਚੜ੍ਹਿਆ ਰਹਿੰਦੈ। ਜਦੋਂ ਲੇਟ ਘਰ ਆਉਂਦੇ ਆ ਤਾਂ ਸਭ ਤੋਂ ਪਹਿਲਾਂ ਉਹਨਾਂ ਦੇ ਮੂੰਹਾਂ ਦਾ ਮੁਸ਼ਕ ਲੈਂਦਾ। ਪਰ ਜਿੱਦਣ ਉਹਨਾਂ ਪੀਤੀ ਹੋਈ ਹੋਵੇ ਉਹ ਘਰ ਆਉਂਦੇ ਹੀ ਨਹੀਂ ਆਪਣੀ ਕਿਸੇ ਦੂਜੀ ਕੋਠੀ ਵਿਚ ਜਾ ਵੜਦੇ ਨੇ। —

— ਅੱਛਾ ! ਫੇਰ ਤਾਂ ਬੜਾ ਭੈੜਾ ਵਾ......ਮੈਂ ਤਾਂ ਉਹਨੂੰ ਬੜਾ ਸਾਧ ਬੰਦਾ ਸਮਝਦੀ ਸਾਂ। —ਅੱਖਾਂ ਟੱਡਦਿਆਂ ਮੈਂ ਕਿਹਾ।

— ਹੋਅ ! ਸਾਧ !......ਏਹੋ ਜਿਹੇ ਈ ਹੁੰਦੇ ਆ-ਸਾਧ। — ਉਹਨੇ ਹਿਕਾਰਤ ਨਾਲ ਕਿਹਾ। ਤੇ ਫੇਰ ਮੇਰੇ ਵੱਲ ਵੇਖਣ ਲੱਗਾ ਜਿਵੇਂ ਕਹਿਣਾ ਚਾਹੁੰਦਾ ਹੋਵੇ : ਡੱਡੇ ਤੈਨੂੰ ਕੀ ਪਤਾ ਇਹ ਦੁਨੀਆਂ ਕਿੱਦਾਂ ਦੀ ਆ। ਤੇ ਫੇਰ ਆਪੇ ਹੀ ਗੱਲ ਸ਼ੁਰੂ ਕਰ ਲਈ।

— ਇਕ ਦਿਨ ਛੰਘਿਆ ਸੀ ਏਥੋਂ। ਮਾਲਾ ਫੇਰੀ ਜਾਂਦਾ ਸੀ। ਮੇਰੇ ਵੱਲ ਵੇਖ ਕੇ ਮੂੰਹ ਭੰਵਾ ਲਿਆ ਤੇ ਫੇਰ ਠਾਹ ਕਰਦਾ ਸੜਕ ਤੇ ਖੰਘਾਰ ਮਾਰ ਦਿੱਤਾ। ਮੇਰੇ ਜੀ 'ਚ ਆਇਆ ਉਹ ਨੂੰ ਪੁੱਛਾਂ : ਗਿਆਨੀ ਜੀ ਅੰਮ੍ਰਿਤ ਛਕਿਆ ਜੇ ਕਿ ਪੈਟਰੋਲ ਛਕਿਆ ਜੇ......ਦੋ ਹਜ਼ਾਰ ਸੀ. ਸੀ. ਦੇ ਇੰਜਣ ਵਾਂਗ ਰਾਤ-ਦਿਨੇ ਬਲਦੇ ਹੀ ਰਹਿੰਦੇ ਜੇ। ਪਰ ਜੀ ਕੀ ਪੁੱਛਣਾ ਕਿਸੇ ਨੂੰ। ਚੁੱਪ ਹੀ ਕੀਤਾ ਰਿਹਾ ਮੈਂ ਤਾਂ। — ਉਹਦੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ। ਉਹ ਵੀ ਮਾੜਾ ਜਿਹਾ ਹੱਸਿਆ।

— ਪਰ ਬਈ ਨੇਤਾ ਜੀ ਤਾਂ ਏਡੇ ਮਾੜੇ ਬੰਦੇ ਨਈਂ ਲਗਦੇ। ਖੱਦਰ ਦੇ ਕੱਪੜੇ, ਖੱਦਰ ਦੀ ਟੋਪੀ, ਸਾਧਾਰਨ ਚੱਪਲ। ਹਰੇਕ ਆਏ-ਗਏ ਨੂੰ ਬੜੇ ਪਿਆਰ ਨਾਲ ਬੁਲਾਉਂਦੇ ਨੇ। — ਮੈਂ ਜਿਵੇਂ ਉਹਦੀਆਂ ਹੁਣ ਤੱਕ ਦੀਆਂ ਦਲੀਲਾਂ ਦੇ ਰੁੱਗਾਂ ਨੂੰ ਕਿਸੇ ਇਕ ਮਿਸਾਲ ਨਾਲ ਗ਼ਲਤ ਸਾਬਤ ਕਰਨਾ ਚਾਹੁੰਦੀ ਹੋਵਾਂ।

— ਹਾਂ, ਨੇਤਾ ਜੀ ਤਾਂ ਬਾਹਲੇ ਈ ਵਧੀਆ ਬੰਦੇ ਨੇ। ਏਨੇ ਵਧੀਆ ਕਿ ਕੁਰਸੀ ਦੀ ਖਾਤਰ ਆਪਣੇ ਬੀਵੀ-ਬੱਚੇ ਵੀ ਛੱਡਣ ਨੂੰ ਤਿਆਰ ਰਹਿੰਦੇ ਨੇ। ਜਦੋਂ ਇਹ ਇੰਮਪਰੂਵਮੈਂਟ ਟ੍ਰਸਟ ਦੇ ਚੇਅਰਮੈਨ ਸਨ ਤਾਂ ਇਕ ਸਾਲ ਵਿਚ ਹੀ ਪੰਦਰਾਂ-ਸੋਲਾਂ ਪਲਾਟ ਹਥਿਆ ਲਏ, ਤੇ ਸੱਤਰ-ਅੱਸੀ ਲੱਖ ਰੁਪਿਆ ਹੜੱਪ ਕਰ ਗਏ। ......



ਇਹਨਾਂ ਦੀ ਗੋਗੜ ਵੇਖੀ ਊ ਨਾ ? ਬੜੀ ਸ਼ੈਅ ਈ ਇਹ ਗੋਗੜ ਇਹਨਾਂ ਦੀ।... ਇਕ ਵਿਚਾਰਾ ਕੋਈ ਸੁਰਮੇ ਆਲਾ ਸੀ। ਉਹਦੇ ਇਕ ਪੰਜਾਹ ਕੁ ਗਜ਼ ਦੇ ਪਲਾਟ ਦਾ ਇਹ ਨੇ ਮਸਲਾ ਹੱਲ ਕਰ ਦਿੱਤਾ। ਤੇ ਜਦੋਂ ਉਹ ਧੰਨਵਾਦ ਕਰ ਕੇ ਤੁਰਨ ਲਗਿਆ ਤਾਂ ਕਹਿੰਦਾ, 'ਮੈਨੂੰ ਵੀ ਢਿੱਡ ਲੱਗਿਆ ਹੋਇਐ, ਇਹਦੇ ਵਿਚ ਵੀ ਕੁਝ ਪਾ।' ਉਸ ਵਿਚਾਰੇ ਗ਼ਰੀਬ ਨੂੰ ਵੀ ਨਈਂ ਬਖਸ਼ਿਆ ਇਹਨੇ ਤੇ ਦਸ ਹਜ਼ਾਰ ਧਰਾ ਲਿਆ।......ਪੰਜ ਤਾਂ ਮੁਰਗੇ ਰੋਜ਼ ਚਾਹੀਦੇ ਨੇ ਇਹਦੇ ਢੋਲ ਵਰਗੇ ਢਿੱਡ ਨੂੰ, ਫੇਰ ਇਕ ਬੋਤਲ ਸ਼ਰਾਬ ਤੇ ਨਾਲ ਸੋਲਾਂ ਵਰ੍ਹਿਆਂ ਦੀ ਕੰਜਕ......। —

— ਅੱਛਾ ! ਪਰ ਇਹ ਤਾਂ ਹੁਣੇਂ ਕੋਈ ਸੱਠਾਂ ਕੁ ਸਾਲਾਂ ਦਾ......ਫੇਰ ਕੌਮ ਦਾ ਲੀਡਰ ......ਇਹਨੂੰ ਸ਼ਰਮ ਨਈਂ ਔਂਦੀ ਇਹੋ ਜਿਹੇ ਕੰਮ ਕਰਦਿਆਂ ?—ਉਹ ਦੀ ਗੱਲ ਸੁਣਕੇ ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਗਈ ਸਾਂ।

— ਭਾਈ ਸ਼ਰਮ ਤੇ ਹਯਾ ਤੇਰੇ ਮੇਰੇ ਵਰਗੇ ਲੋਕਾਂ ਦਾ ਲਿਬਾਸ ਐ, ਇਹ ਵੱਡੇ ਲੋਕ ਨੇ। —ਉਹ ਬੋਲਿਆ। ਤੇ ਫੇਰ ਦੋ ਕੁ ਮਿੰਟ ਮੈਂ ਪਤਾ ਨਹੀਂ ਕੀ ਸੋਚਣ ਲਗ ਪਈ ਤੇ ਉਹ ਵੀ ਚੁੱਪ ਹੋ ਰਿਹਾ। ਤੇ ਫੇਰ ਆਪੇ ਹੀ ਬੋਲਣ ਲੱਗ ਪਿਆ।

— ਕੌਮ ਦਾ ਲੀਡਰ......ਹੂੰਅ—ਤੂੰ ਹੀ ਜਮਾਂਦਾਰਨੀਏਂ ਬੜੀ ਭੋਲੀ ਐ......ਇਹਦੀ ਲੀਡਰੀ ਦੀਆਂ ਗੱਲਾਂ ਸੁਣ ਲੈ......ਉਤੋਂ ਇਹ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਨਾਅਰੇ ਮਾਰਦਾ ਨਹੀਂ ਥੱਕਦਾ, ਤੇ ਵਿਚੋਂ......ਵਿਚੋਂ ਏਕਤਾ ਤੇ ਅਖੰਡਤਾ ਦਾ ਸਭ ਤੋਂ ਵੱਡਾ ਦੁਸ਼ਮਣ ਇਹ ਆਪ ਈ......ਮੇਰੇ ਮਾਲਕ ਕਾਲੂ ਸ਼ਾਹ ਤੋਂ ਸਾਡੇ ਇਕ ਮਛੋਹਰ ਜਿਹੇ ਸੂਰ ਦਾ ਸਿਰ ਲੈ ਕੇ ਮਸੀਤ ਦੇ ਬੂਹੇ 'ਚ ਰਖਾਇਆ ਤੇ ਦੂਜੇ ਪਾਸੇ ਦੇਸੂ ਚਮਿਆਰ ਤੋਂ ਗਾਂ ਦਾ ਸਿਰ ਮੰਦਰ ਦੀਆਂ ਪੌੜੀਆਂ 'ਚ ਰਖਵਾ ਦਿੱਤਾ। ਤੇ ਫੇਰ ਦੋਹਾਂ ਧਿਰਾਂ ਦੇ ਲੋਕਾਂ ਨੂੰ ਮਿੱਟੀ ਦੇ ਤੇਲ ਦੇ ਪੀਪੇ ਤੇ ਅੱਗ ਦੀਆਂ ਤੀਲੀਆਂ ਫੜਾ ਦਿੱਤੀਆਂ। ਬੱਸ ਉਹ ਅੱਗਾਂ ਲੱਗੀਆਂ ਕਿ ਪੁੱਛੋਂ ਨਾ। ਦੋਹਾਂ ਧਿਰਾਂ ਨੇ ਇਕ ਦੂਜੇ ਦੇ ਬੰਦੇ ਵਧ-ਚੜ੍ਹ ਕੇ ਮਾਰੇ ਗੱਲਾਂ 'ਚ ਬਲਦੇ ਟਾਇਰ ਪਾ-ਪਾ ਕੇ ਮਕਾਨ ਤੇ ਦੁਕਾਨਾਂ ਸਾੜ ਦਿੱਤੇ। ਤੇ ਸੌਆਂ ਦੇ ਹਿਸਾਬ ਨਾਲ ਜੁਆਨ ਕੁੜੀਆਂ ਦੀ ਖੇਹ ਖਰਾਬੀ ਕੀਤੀ। ਇਕ-ਇਕ ਕੁੜੀ ਨਾਲ ਦਰਜਨ-ਦਰਜਨ ਬੰਦਿਆਂ ਨੇ ਮੂੰਹ ਕਾਲਾ ਕੀਤਾ।...ਫੇਰ 1984 ਵਿਚ ਇਹਨੇ ਇਹੋ ਕੁਝ ਹਿੰਦੂਆਂ ਤੇ ਸਿੱਖਾਂ ਵਿਚਕਾਰ ਕਰਾਇਆ ਤੇ ਜਦੋਂ ਅਖ਼ਬਾਰਾਂ ਨੂੰ ਬਿਆਨ ਦੇਂਦਾ ਈਂ ਉਦੋਂ ਕਹਿੰਦੈ : 'ਇਸ ਮਹਾਨ ਭਾਰਤ ਦੇ ਟੁਕੜੇ ਮੇਰੀ ਲਾਸ਼ ਤੇ ਹੀ ਹੋਣਗੇ। ਮੈਂ ਜਿਉਂਦੇ ਜੀਅ ਇਹਨੂੰ ਦੋ-ਫਾੜ ਜਾਂ ਤਿਫਾੜ ਨਈ ਹੋਣ ਦਿਆਂਗਾ।'......ਤੇ ਹੁਣ ਇਹਨੇ ਬਾਬਰੀ ਮਸਜਦ ਦਾ ਲਾਂਬੂ ਲਾਇਆ ਹੋਇਐ। ਪਤਾ ਨਈਂ ਕੀ ਬਣਦਾ ਉਹਦਾ ਤੇ ਇਹ ਦੀਆਂ ਅੱਗਾਂ ਦਾ ? —

— ਅੱਛਾ ! ਕਮਾਲ ਐ......ਪਰ ਤੈਨੂੰ ਇਹ ਸਾਰੇ ਭੇਤ ਕੌਣ ਦਿੰਦਾ ਬਈ, ਸਾਨੂੰ ਤਾਂ ਕੁਸ਼ ਵੀ ਨਈਂ ਪਤਾ......ਅਸੀਂ ਤਾਂ ਬੱਸ ਕਿਰਤ ਕਰ ਲਈ, ਖਾ ਲਿਆ ਤੇ ਬੱਸ। —

— ਫੇਰ ਉਹੀ......ਭਾਈ ਜਮਾਂਦਾਰਨੀਏ ! ਮੈਂ ਤੈਨੂੰ ਦੱਸਿਐ ਬਈ ਰਾਤ ਦਿਨ ਏਥੇ ਰਹਿੰਨੈ । ਅਖਬਾਰ ਸਾਰੇ ਗੰਦੇ ਨਾਲੇ ਤੇ ਸੁੱਟੇ ਜਾਂਦੇ ਨੇ......ਰੁਪਈਆਂ ਦੀਆਂ ਥਹੀਆਂ ਦੇ ਉਤਲੇ ਕਾਗਜ਼ ਏਥੇ ਆਉਂਦੇ ਨੇ......ਤੇਲ ਦੇ ਖਾਲੀ ਪੀਪੇ ਵੀ ਏਥੇ......ਇਹਨਾਂ ਦੀਆਂ ਫਲੱਸ਼ਾਂ ਦੇ ਮੂੰਹ ਵੀ ਏਧਰ......ਸਾਰਾ ਕੁਸ਼ ਏਥੇ ਈ ਜਮ੍ਹਾਂ ਹੁੰਦੈ । ਤੂੰ ਤਾਂ 'ਰਾਮ ਨਾਲ ਆਪਣੇ ਕੂੜੇ ਦਾ ਪੀਪਾ ਸੁੱਟਿਆ ਤੇ ਤੁਰ ਪਈ, ਬੱਸ । ਪਰ ਭਾਈ ਏਸ ਨਾਲੇ ਦੇ ਅੰਦਰ ਕੱਲੇ-ਕੱਲੇ ਘਰ ਦਾ ਪੂਰਾ ਬਿਓਰਾ ਈ । ਇਹ ਲੋਕ ਤਾਂ ਹੀ ਤਾਂ ਮੈਥੋਂ ਡਰਦੇ ਨੇ ਬਈ ਮੈਂ ਇਹਨਾਂ ਦੇ ਹਰੇਕ ਗੰਦ-ਮੰਦ ਨੂੰ ਜਾਣਦਾਂ । ਤਾਂ ਹੀ ਤਾਂ ਇਹ ਮੈਨੂੰ ਨਫਰਤ ਕਰਦੇ ਨੇ । ਅਸਲ 'ਚ ਇਹ ਆਪਣੇ ਪਾਪਾਂ ਤੋਂ ਡਰੇ ਹੋਏ ਮੈਥੋਂ ਡਰਦੇ ਨੇ, ਤੇ ਡਰ ਨੂੰ ਲੁਕੋਣ ਦਾ ਇਕੋ ਤਰੀਕਾ ਵਾ, ਬਈ ਜਿਹਨੂੰ ਭੇਤ ਪਤਾ ਲੱਗ ਜਾਣ, ਉਹਨੂੰ ਨਫਰਤ ਕਰੋ । ਮੇਰੇ ਨਾਲ ਤੇ ਇਹ ਸਾਰੇ ਅੱਖ ਨ੍ਹੀਂ ਮਿਲਾਉਂਦੇ । ਜਦੋਂ ਈ ਮੈਂ ਇਹਨਾਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਦਾ ਤਾਂ ਝੱਟ ਮੂੰਹ ਪਾਸੇ ਕਰ ਲੈਂਦ ਨੇ । ......ਇਕ ਦਿਨ ਏਦਾ ਈ ਮੈਂ ਏਸ ਨੇਤਾ ਜੀ ਦੀਆਂ ਅੱਖਾਂ 'ਚ ਅੱਖਾਂ ਪਾ ਲਈਆਂ । ਦਵਾ-ਦਵ ਕਾਰ ਦੀ ਬਾਰੀ ਦਾ ਸ਼ੀਸ਼ਾ ਚੜ੍ਹਾ ਲਿਆ ਤੇ ਕਾਰ ਭਜਾ ਲਈ । ਮੇਰਾ ਜੀ ਕਰੇ ਕਹਾਂ ਬਈ ਤੇਰੇ ਪਾਪਾਂ ਨਾਲ ਇਹ ਗੰਦਾ ਨਾਲਾ ਭਰ ਚੁੱਕਿਐ । ਹੁਣ ਇਹ ਕੰਢਿਆਂ ਤੋਂ ਉੱਤੇ ਵਗਣ ਲੱਗ ਪਿਆ । ਇਕ ਦਿਨ ਇਹ ਬੁਲਬੁਲੀਆਂ ਮਾਰਦਾ ਤੇਰੇ ਘਰ ਨੂੰ ਵੀ ਆਊ—ਤੂੰ ਸਮਝਦਾ ਕੀ ਐਂ ?

ਏਨਾ ਕਹਿ ਕੇ ਉਹਨੇ ਆਪਣੀ ਬੂਥਣੀ ਗੰਦੇ ਨਾਲੇ ਵਿਚ ਡੋਬ ਦਿੱਤੀ । ਮਿੰਟ ਕੁ ਵਿਚ ਰੱਖੀ ਤੇ ਫੇਰ ਬਾਹਰ ਕੱਢ ਲਈ । ਉਹਦੀ ਬੂਥਣੀ ਤੇ ਇਕ ਮੈਲੇ-ਕੁਚੈਲੇ ਤੇ ਗਾਰੇ ਨਾਲ ਲਿੱਬੜੇ ਹੋਏ ਵਰਕਿਆਂ ਵਾਲੀ ਕੋਈ ਕਿਤਾਬ ਜਿਹੀ ਪਈ ਸੀ ।

— ਇਹ ਕੀ ਵੇਅ ? —ਮੈਂ ਪੁੱਛਿਆ ।

— ਇਹ ? ......ਇਹ ਇਕ ਹੋਰ ਘਰ ਦੀ ਦਾਸਤਾਂ ਈ......ਔਹ ਤੀਜੀ ਗਲੀ ਦੇ ਖੱਬੇ ਹੱਥ, ਦੂਜਾ ਮਕਾਨ ਐ ਨਾ, ਉਹਦੀ । —ਉਹਨੇ ਉਧਰ ਨੂੰ ਇਸ਼ਾਰਾ ਕੀਤਾ ।

— ਹਾਂ, ਹਾਂ, ਉਹ ਤਾਂ ਕਿਤਾਬ ਛਾਪਦੇ ਨੇ । —ਮੈਂ ਬੋਲੀ ।

— ਆਹੋ, ਕਿਤਾਬਾਂ ਈ ਛਾਪਦੇ ਨੇ......ਕਿਤਾਬਾਂ ਨਈਂ ਨੋਟ ਛਾਪਦੇ ਨੇ ਉਹ । —

— ਅੱਛਾ ! ਉਹ ਕਿੱਦਾਂ ? ਆਪੇ ਈ ਛਾਪੀ ਜਾਂਦੇ ਨੇ ਨੋਟ ? —ਮੈਂ ਪੁੱਛਿਆ ।

— ਕਮਲੀ ਐਂ ਤੂੰ ਵੀ—ਬੱਸ......ਪਹਿਲਾਂ ਗੱਲ ਸੁਣ । —ਉਹ ਬੋਲਿਆ ।

— ਅੱਛਾ ਸੁਣਾ ।—

— ਕਈ ਸਾਲ ਪਹਿਲਾਂ ਇਹ ਬੰਦਾ ਆਪ ਕੱਲਾ-ਕੱਲਾ ਅੱਖਰ ਜੋੜਦਾ ਹੁੰਦਾ ਸੀ । ਸੁੱਕਾ ਜਿਹਾ ਸਰੀਰ । ਟੁੱਟੇ ਜਿਹੇ ਕੱਪੜੇ ਪਾਏ ਹੋਣੇ ਤੇ ਧੌਣ ਸੁੱਟ ਕੇ ਅੱਖਰ ਜੋੜੀ ਜਾਣੇ । ਕਿਸੇ ਕੋਲ ਕੰਮ ਕਰਦਾ ਸੀ ਉਦੋਂ ਇਹ । ਫੇਰ ਉਹ ਪ੍ਰੈਸ ਵਾਲਾ ਮਰ



ਗਿਆ । ਤੇ ਪ੍ਰੈਸ ਇਹਨੇ ਈ ਸਾਂਭ ਲਈ । ਫੇਰ ਇਹ ਪਬਲਿਸ਼ਰ ਬਣ ਗਿਆ । ਤੇ ਵਿਚਾਰੇ ਲੇਖਕ ਜਿਹੜੇ ਪਹਿਲਾਂ ਹੀ ਅੜੇ-ਥੁੜੇ ਹੁੰਦੇ ਨੇ, ਉਹਨਾਂ ਕੋਲੋਂ ਪੈਸੇ ਲੈ ਕੇ ਕਿਤਾਬਾਂ ਛਾਪਣ ਲੱਗ ਪਿਆ । ਕਿਤਾਬਾਂ ਤਾਂ ਧੜਾ-ਧੜ ਵਿਕਣ, ਤੇ ਇਹ ਆਖੇ ਅਖੇ : ਕਿਤਾਬ ਤਾਂ ਵਿਕਦੀ ਨਹੀਂ । ਪੰਜ ਸੌ ਦਾ ਐਡੀਸ਼ਨ ਪੰਜ ਸਾਲ ਵੀ ਮੁੱਕਿਆ ਕਰੇ । ਤੇ ਕਿਤਾਬਾਂ ਸਾਰੇ ਹਿੰਦੁਸਤਾਨ ਵਿਚ ਵੀ ਪਹੁੰਚ ਜਾਇਆ ਕਰਨ । ਲੇਖਕ ਹੈਰਾਨ ਹੁੰਦਾ ਬਈ ਪੰਜ ਸੌ 'ਚੋਂ ਇਹਦੇ ਮੁਜਬ ਸਿਰਫ ਸੌ ਕਿਤਾਬ ਵਿਕੀ ਐ ਤੇ ਓਧਰ ਪੰਜ ਹਜ਼ਾਰ ਮਾਰਕੀਟ ਵਿਚ ਤੁਰੀ ਫਿਰਦੀ ਐ—ਇਹ ਗੱਲ ਕੀ ਬਣੀ ? ਤੇ ਇਹ ਸਾਲਾਂ ਵਿਚ ਹੀ ਕੋਠੀਆਂ-ਕਾਰਾਂ ਦਾ ਮਾਲਕ ਬਣ ਗਿਆ । ਤੇ ਸਾਰੇ ਲੇਖਕ ਹੋਰ ਵੀ ਕੰਗਾਲ ਹੋ ਗਏ । ਚੰਗਾ ਲੇਖਕ ਸ਼ਰਮ ਦਾ ਮਾਰਿਆ ਈ ਮਰ ਜਾਂਦਾ । ਪਹਿਲਾਂ ਮਿਹਨਤ ਕਰਕੇ ਕਿਤਾਬ ਲਿਖੋ, ਫੇਰ ਬੱਚਿਆਂ ਦੇ ਮੂੰਹ ਦੀ ਰੋਟੀ ਖੋਹ ਕੇ ਛਾਪਣ ਲਈ ਇਹਨੂੰ ਪੈਸੇ ਦਿਉ ਤੇ ਫੇਰ ਅਗਲੀ ਕਿਤਾਬ ਦਾ ਫਿਕਰ ਕਰੋ । ਲੇਖਕ ਸੋਚਦਾ ਬਈ ਜੇ ਕਿਤਾਬ ਨਹੀਂ ਵਿਕਦੀ ਤਾਂ ਕੋਠੀਆਂ-ਕਾਰਾਂ ਤੇ ਫਾਰਮ-ਹਾਊਸ ਕਿੱਥੋਂ ਆ ਗਏ ? ਤੇ ਉਹ ਆਪ ਭੁੱਖ-ਨੰਗ ਨਾਲ ਘੁਲੀ ਜਾਂਦਾ ਹੈ । ......ਪਤਾ ਨਹੀਂ ਕਿੰਨੇ ਲੇਖਕ ਖੁਦਕਸ਼ੀ ਕਰਕੇ ਮਰ ਗਏ ਤੇ ਕਿੰਨਿਆਂ ਕੁ ਨੇ ਅਜੇ ਮਰਨਾ ਹੈ । —ਕਹਿੰਦਾ-ਕਹਿੰਦਾ ਉਹ ਚੁੱਪ ਹੋ ਗਿਆ । ਉਹਦੀਆਂ ਅੱਖਾਂ ਵਿਚ ਅੱਥਰੂ ਆ ਗਏ । ਗੱਚ ਭਰ ਗਿਆ ।

— ਤੂੰ ਤਾਂ ਵੀਰਾ ਰੋਈ ਜਾਨੈਂ ? —ਮੈਂ ਪੁੱਛਿਆ ।

— ਹੋਰ ਕੀ ਕਰਾਂ ਬੀਬਾ ਰੋਵਾਂ ਨਾ ਤਾਂ......ਇਕੋ ਹੀ ਕੰਮ ਦੀ ਕੌਮ ਸੀ ਇਹਨਾਂ ਲੇਖਕ ਲੋਕਾਂ ਦੀ ਜਿਨ੍ਹਾਂ ਤੋਂ ਕੋਈ ਉਮੀਦ ਸੀ ਪਈ ਉਹ ਜ਼ਰੂਰ ਸ਼ਹਿਰ 'ਚੋਂ ਹੁੰਦੇ ਨਾਲੇ ਦਾ ਸਫਾਇਆ ਕਰ ਦੇਣਗੇ, ਪਰ ਉਹ ਵੀ ਇਹਨਾਂ ਲੋਕਾਂ ਦੀ ਸਤਾਈ ਹੋਈ ਜਾਂ ਆਤਮਹੱਤਿਆ ਕਰ ਲੈਂਦੀ ਐ ਤੇ ਜਾਂ ਫਿਰ ਕੁਰਸੀਆਂ ਵਾਲਿਆਂ ਕੋਲ ਵਿਕ ਜਾਂਦੀ ਆ । ਤੇ ਕੁਰਸੀਆਂ ਵਾਲੇ ਤਾਂ ਉਹਨਾਂ ਨੂੰ ਖ਼ਰੀਦਣ ਲਈ ਭੱਜੇ ਆਉਂਦੇ ਨੇ । ਬੱਸ ਪੰਜ ਹਜ਼ਾਰ, ਦਸ ਹਜ਼ਾਰ, ਵੀਹ, ਪੰਜਾਹ ਤੇ ਲੱਖ......ਜਿਹੋ ਜਿਹਾ ਕੋਈ ਲੇਖਕ ਉਹੋ ਜਿਹੇ ਪੈਸੇ ।

— ਅੱਛਾ ! ਏਨੇ ਪੈਸਿਆਂ ਨੂੰ ਵਿਕਦੇ ਨੇ ਇਹ ਲੋਕ ?—ਹੈਰਾਨ ਹੁੰਦੀ ਹੋਈ ਨੇ ਮੈਂ ਪੁੱਛਿਆ ।

— ਆਹੋ ਕਿਹਾ......ਪਰ ਭਾਈ ਵਿਕਣਾ ਤਾਂ ਵਿਕਣਾ ਈ ਹੁੰਦੈ ਨਾ......ਜਦੋਂ ਇਹ ਲੋਕ ਵੀ ਵਿਕਣ ਲਗ ਪੈਂਦੇ ਨੇ ਤਾਂ ਮੇਰਾ ਜੀ ਕਰਦਾ ਹੁੰਦੈ, ਹੁਣ ਭਾਵੇਂ ਸਾਡੀ ਕੌਮ ਵੀ ਮਰ ਈ ਜਾਵੇ । ਕੀ ਫਾਇਦਾ ਏ ਹੁਣ ਜੀਣ ਦਾ ।—

— ਕਿਉਂ ? ਉਹਨਾਂ ਦੇ ਵਿਕਣ ਨਾਲ ਤੇਰਾ ਕਿਉਂ ਢਿੱਡ ਦੁਖਦੇ ?— ਮੈਨੂੰ ਉਹਦੀ ਏਸ ਘਤਿਤ ਜਿਹੀ ਦੀ ਸਮਝ ਹੀ ਨਹੀਂ ਸੀ ਆ ਰਹੀ ।

— ਵੇਖ, ਭਾਈ ਜਮਾਂਦਾਰਨੀਏ ! ਅਸੀਂ ਵੀ ਚੰਗੀ ਜੂਨ ਚਾਹੁੰਦੇ ਆ। ਹੁਣ ਭਾਵੇਂ ਮੈਂ ਤੈਨੂੰ ਦੱਸਿਆ ਸੀ ਬਈ ਸਾਡੀ ਕੌਮ ਖੋਜੀਆਂ ਦੀ ਕੌਮ ਐਂ, ਪਰ ਅਸਲ ਵਿਚ ਇਹ ਕੰਮ ਸਾਨੂੰ ਮਰਦਿਆਂ ਕਰਨਾ ਪਿਆ।......ਹੁਣ ਜਦ ਸਾਡੇ ਰਹਿਣ ਦੀ ਹੋਰ ਥਾਂ ਈ ਕੋਈ ਨਹੀਂ ਤਾਂ ਅਸਾਂ ਏਥੇ ਈ ਰਹਿਣੈ, ਏਸ ਗੰਦੇ ਨਾਲੇ 'ਚ। ਪਰ ਜੇ ਸ਼ਹਿਰ ਦੀ ਜੂਹ 'ਚੋਂ ਇਹ ਨਾਲਾ ਨਿਕਲ ਜਾਏ ਤਾਂ ਘੱਟੋ-ਘੱਟ ਸਾਨੂੰ ਵੀ ਰਹਿਣ ਨੂੰ ਕੋਈ ਹੋਰ ਥਾਂ ਮਿਲੂ। ਤੇ ਇਹ ਗੰਦਾ ਨਾਲਾ ਸਾਫ਼ ਤਾਂ ਇਹ ਲੇਖਕ ਲੋਕ ਈ ਕਰ ਸਕਦੇ ਨੇ।—

— ਤੇ ਤੇਰੀ ਖੋਜ ਦਾ ਕੰਮ ?—

— ਖੋਜ......ਹੰਅ......ਕਾਹਦੀ ਖੋਜ ?......ਉਹ ਤਾਂ ਭਾਈ ਸਾਡੀ ਮਜਬੂਰੀ ਆ। ਜਾਂ ਤਾਂ ਬੰਦਾ ਰੋਂਦਾ ਰਹੇ ਤੇ ਜਾਂ ਫਿਰ ਹਾਲਾਤ ਨਾਲ ਸਮਝੌਤਾ ਕਰ ਲਵੇ। ਰੋ ਰੋ ਕੇ ਮਰਨ ਨਾਲੋਂ ਚੰਗਾ ਨਹੀਂ, ਬੰਦਾ ਜਿੱਥੇ ਹੈਅ ਉਥੇ ਈ ਕਿਸੇ ਕੰਮ ਕਾਰ ਨੂੰ ਆਪਣੀ ਜੂਨ ਬਣਾ ਲਵੇ। ਬੱਸ, ਇਹੋ ਹਾਲ ਸਾਡਾ ਵਾ।—

— ਨਾ, ਪਰ ਜੇ ਗੰਦਾ ਨਾਲਾ ਨਾ ਰਿਹਾ, ਫੇਰ ਤੁਹਾਡੀ ਕੌਮ ਦਾ ਕੀ ਬਣੂ ?—ਮੈਨੂੰ ਲਗਦਾ ਸੀ ਉਹ ਜਿਵੇਂ ਬਹੁਤਾ ਹੀ ਚਲਾਕ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ।

— ਕਿਉਂ ? ਤੇਰਾ ਕੀ ਖਿਆਲ ਆ ਬਾਹਰਲੇ ਮੁਲਕਾਂ 'ਚ ਸੂਰ ਨਹੀਂ ਹੁੰਦੇ ?...... ਭਾਈ ਉਥੇ ਗੰਦਾ ਨਾਲਾ ਵੀ ਨਈਂ ਹੁੰਦਾ ਤੇ ਸੂਰ ਵੀ ਹੁੰਦੇ ਨੇ ; ਪਰ ਉਹਨਾਂ ਲਈ ਅਗਲੇ ਫਾਰਮ ਬਣੌਂਦੇ ਨੇ। ਸਾਫ਼-ਸੁਥਰੇ ਫਾਰਮ। ਪਿਗ-ਫਾਰਮਾਂ ਦਾ ਪੋਰਕ ਬਾਹਰਲੇ ਲੋਕ ਮਜ਼ੇ ਲੈ-ਲੈ ਖਾਂਦੇ ਨੇ। ਪਰ ਤੈਨੂੰ ਕੀ ਦੱਸੇ ਕੋਈ ?—

— ਕਿਉਂ, ਤੂੰ ਬਹੁਤ ਜਾਣਦੈਂ ? ਗੁੱਸੇ ਵਿਚ ਮੈਂ ਕਿਹਾ। ਪਤਾ ਨਹੀਂ ਕੀ ਸਮਝੀ ਜਾਂਦਾ ਸੀ ਉਹ ਆਪਣੇ ਆਪਨੂੰ।

— ਤੇਰੇ ਨਾਲੋਂ ਵੱਧ ਜਾਣਦਾਂ ਮੈਂ, ਵੇਖ ਲਾ। ਜਿਨ੍ਹਾਂ ਘਰਾਂ ਦਾ ਕੂੜਾ ਸੁੱਟਦੀ ਆਂ ਤੂੰ ਤੈਨੂੰ ਉਹਨਾਂ ਦੇ ਅੰਦਰਲੀਆਂ ਦਾ ਕੱਖ ਨੀ ਪਤਾ, ਪਰ ਮੈਨੂੰ ਪਤਾ ਸਭ ਕੁੱਛ।— ਉਹ ਬੜੇ ਮਾਨ ਨਾਲ ਬੋਲਿਆ ਥੂਥਨੀ ਉੱਪਰ ਕੀਤੀ। ਉਹ ਚਮਕ ਰਹੀ ਸੀ। ਪਰ ਉਹ ਥੂਥਨੀ ਉਤੋਂ ਕਿਤਾਬ ਦਾ ਇਕ ਕਾਗਜ਼ ਅਜੇ ਵੀ ਲਟਕ ਰਿਹਾ ਸੀ।

— ਅੱਛਾ, ਪਰ ਇਹ ਕਿਤਾਬ ਵਾਲੇ ਲੇਖਕ ਦਾ ਕੀ ਬਣਿਆ ? ਮੈਂ ਪੁੱਛਿਆ।

— ਬਣਨਾ-ਬਣੌਣਾ ਕੀ ਸੀ ਭਾਈ, ਨਾ ਉਹ ਵਿਕ ਸਕਿਆ ਤੇ ਨਾ ਹੀ ਰੱਜ ਕੇ ਰੋਟੀ ਖਾ ਸਕਿਆ। ਇਕ ਦਿਨ ਕਿਤਾਬਾਂ ਦੀ ਭਰੀ ਹੋਈ ਬੋਰੀ ਵਗ੍ਹਾਤੀ ਏਥੇ ਨਾਲੇ 'ਚ ਮਾਰੀ ਤੇ ਭੱਜ ਗਿਆ।—

— ਕਿੱਧਰ ਨੂੰ ?—

— ਪਤਾ ਨਈਂ, ਕੋਈ ਕਹਿੰਦਾ ਖੂਹ 'ਚ ਛਾਲ ਮਾਰ ਦਿੱਤੀ ਸੀ ਤੇ ਕੋਈ ਕਹਿੰਦਾ ਕਮਲਾ ਹੋ ਗਿਆ, ਪਰ ਕਦੇ ਵੇਖਿਆ ਨਹੀਂ ਫੇਰ।—



— ਕਦੇ ਕੋਈ ਪਬਲਿਸ਼ਰ ਵੀ ਮਰਿਆ ਜਾਂ ਪਾਗਲ ਹੋਇਆ ਏਦਾਂ ?—ਮੈਂ ਪੁੱਛਿਆ।

— ਮੇਰਾ ਨੀ ਖਿਆਲ......ਏਸ ਕੌਮ ਦੀਆਂ ਉਮਰਾਂ ਬੜੀਆਂ ਲੰਮੀਆਂ ਹੁੰਦੀਆ ਨੇ।

......ਦਰਅਸਲ, ਚੰਗਾ ਸੋਚਣ ਵਾਲੇ ਦੀ ਉਮਰ ਬੜੀ ਘੱਟ ਹੁੰਦੀ ਆ।—

......ਅਜੇ ਅਸੀਂ ਇਹ ਗੱਲਾਂ ਕਰ ਹੀ ਰਹੇ ਸਾਂ ਕਿ ਪਰਿਉਂ ਕਾਲੂ ਸ਼ਾਹ ਆ ਗਿਆ। ਮੈਂ ਸੋਚਿਆ ਗੰਦੇ ਨਾਲੇ ਦੇ ਪਰਲੇ ਪਾਸੇ ਜਿਹੜੇ ਸੂਰ ਸਨ ਉਹਨਾਂ ਨੂੰ ਲੈਣ ਆਇਆ ਹੋਵੇਗਾ। ਪਰ ਉਹ ਤਾਂ ਸਾਡੇ ਵੱਲ ਆ ਰਿਹਾ ਸੀ। ਆਉਂਦਿਆਂ ਹੀ ਉਹਨੇ ਇਸ ਸੂਰ ਦੇ ਗੱਲ ਵਿਚ ਰੱਸਾ ਪਾਇਆ ਤੇ ਖਿੱਚਣ ਲੱਗ ਪਿਆ। ਸੂਰ ਮਜਬੂਰ ਸੀ, ਉਹਨੂੰ ਆਪਣੇ ਮਾਲਕ ਦੇ ਪਿੱਛੇ ਪਿੱਛੇ ਜਾਣਾ ਪਿਆ। ਤੁਰਿਆ ਜਾ ਰਿਹਾ ਸੂਰ ਵਾਰ ਵਾਰ ਪਿੱਛੇ ਮੁੜ ਕੇ ਮੇਰੇ ਵੱਲ ਵੇਖ ਰਿਹਾ ਸੀ। ਉਹਦੀਆਂ ਅੱਖਾਂ ਵਿਚ ਜਿਵੇਂ ਇਕ ਭੈਅ ਉਤਰ ਆਇਆ ਸੀ। ਭੈਅ, ਉਦਾਸੀ ਤੇ ਸੱਖਣਾਪਣ। ਪਤਾ ਨਹੀਂ ਕਿਉਂ ਮੇਰੇ ਪੈਰ ਵੀ ਉਧਰ ਨੂੰ ਹੋ ਤੁਰੇ। ਤਕੜੀ ਦੇਹ ਵਾਲਾ ਕਾਲੂ ਸ਼ਾਹ ਉਹਨੂੰ ਖਿੱਚੀ ਜਾ ਰਿਹਾ ਸੀ। ਤੇ ਉਹ ਮਜਬੂਰ ਹੋਇਆ ਤੁਰਿਆ ਜਾ ਰਿਹਾ ਸੀ। ਕਾਲੂ ਨੇ ਉਹਨੂੰ ਆਪਣੀ ਦੁਕਾਨ ਦੇ ਹਾਤੇ ਵਿਚ ਵਾੜ ਲਿਆ ਤੇ ਫੇਰ ਇਕ ਵੱਡੀ ਸਾਰੀ ਕਿਰਪਾਨ ਤਿੱਖੀ ਕਰਨ ਲੱਗਾ। ਮੇਰਾ ਸਰੀਰ ਡਰ ਨਾਲ ਕੰਬਣ ਲੱਗਾ। ਵਿਚਾਰਾ ਇਕੋ ਇਕ ਚਸ਼ਮਦੀਦ ਗਵਾਹ ? ਮੇਰਾ ਇਕ ਲੰਮਾ ਹਉਕਾ ਨਿਕਲ ਗਿਆ।

ਫੇਰ ਦੂਜੇ ਹੀ ਪਲ ਕਾਲੂ ਕਿਰਪਾਨ ਲਈ ਖੜਾ ਸੀ। ਸੂਰ ਨੂੰ ਉਹਨੇ ਇਕ ਮੋਟੇ ਸਾਰੇ ਮੁੱਢ ਨਾਲ ਬੰਨਿਆ ਹੋਇਆ ਸੀ। ਤੇ ਸੂਰ ਦੀਆਂ ਅੱਖਾਂ 'ਚੋਂ ਭੈਅ ਕਿਰ ਰਿਹਾ ਸੀ। ਕਾਲੂ ਨੇ ਪੂਰੀ ਉਲਾਰ ਕੇ ਤਲਵਾਰ ਉਹਦੀ ਧੌਣ ਤੇ ਮਾਰੀ। ਧੜ ਸਰੀਰ ਨਾਲੋਂ ਅੱਡ ਨਾ ਹੋਇਆ। ਧੌਣ ਅੱਧੀ ਕੁ ਵੱਡੀ ਗਈ ਸੀ। ਫੇਰ ਉਹਨੇ ਇਕ ਹੋਰ ਕਿਰਪਾਨ ਮਾਰੀ ਤੇ ਦੋਵੇਂ ਚੀਜ਼ਾਂ ਅੱਡ ਅੱਡ ਤਰਲੋ-ਮੱਛੀ ਹੋਣ ਲੱਗੀਆਂ। ਡਰ ਨਾਲ ਮੇਰੀ ਚੀਕ ਨਿਕਲ ਗਈ।

— ਨੀ ਕਾਂਤਾ, ਉੱਠਣਾ ਨਹੀਂ ਗਾ......ਵੇਖ ਉੱਤੋਂ ਕਿੱਦਾਂ ਧੁੱਪਾਂ ਚੜ੍ਹ ਆਈਆਂ ਕੇ। ਕਿਹੜੇ ਵੇਲੇ ਸ਼ਹਿਰ ਦਾ ਕੂੜਾ ਸੁਟੇਂਗੀ ਜਾ ਕੇ ? ਮੇਰੀ ਭਰਜਾਈ ਮੈਨੂੰ ਉਠਾ ਰਹੀ ਸੀ।

ਮੈਂ ਇਕ ਦਮ ਅੱਖਾਂ ਮਲਦੀ ਉੱਠੀ। ਪਸੀਨੇ ਨਾਲ ਮੇਰੇ ਕੱਪੜੇ ਤਰ ਹੋਏ ਪਏ ਸਨ। ਆਸੇ-ਪਾਸੇ ਵੇਖਿਆ। ਸਾਡੇ ਘਰ ਦੇ ਕੋਠੇ ਉੱਤੇ ਮੈਂ ਮੰਜੀ ਤੇ ਲੰਮੀ ਪਈ ਹੋਈ ਸਾਂ। ਤੇ ਸਵੇਰ ਦਾ ਸੂਰਜ ਦਸਤਕ ਦੇ ਰਿਹਾ ਸੀ। ਮੈਂ ਉੱਠ ਕੇ ਬਿਸਤਰਾ ਸਾਂਭਣ ਲੱਗ ਪਈ। ਕਾਲੂ ਦੇ ਹਾਤੇ ਵਿਚ, ਕੱਲ੍ਹ ਵਾਲਾ ਵੱਢਿਆ ਗਿਆ ਸੂਰ, ਅਜੇ ਵੀ ਮੇਰੇ ਸਾਹਮਣੇ ਤੜਫ਼ ਰਿਹਾ ਸੀ।

—o—

## ਕਵਿਤਾ/ਅਵਤਾਰਜੀਤ

ਤੁਸੀਂ ਔੜ ਬਣਕੇ ਆਏ ਹੋ
ਅਸੀਂ ਸਾਉਣ ਬਣਕੇ ਵਰ੍ਹਾਂਗੇ
ਤੁਸੀਂ ਮੌਤ ਬੀਤੀ ਧਰਤ ਤੇ
ਅਸੀਂ ਜ਼ਿੰਦਗੀ ਲਈ ਲੜਾਂਗੇ

ਤੁਸੀਂ ਕਬਰ ਹੋ ਅਸੀਂ ਘਰ ਹਾਂ
ਸੁੱਕੇ ਅੱਥਰੂ ਦਾ ਅਸੀਂ ਸਬਰ ਹਾਂ
ਸੁਪਨੇ ਤਾਂ ਭਾਵੇ ਖੋਹ ਲਏ ਤੁਸੀਂ
ਬਲਦੀ ਅੱਖ ਦੀ ਅਸੀਂ ਨਜ਼ਰ ਹਾਂ
ਬੁੱਲਾਂ ਦੀਆਂ ਥੇਹਾਂ ਤੇ ਬੈਠਕੇ
ਬੋਲ ਵੰਝਲੀ ਦੇ ਅਸੀਂ ਬਣਾਂਗੇ।...

ਪੁਲ, ਪੁਲ ਤੇ ਮੌਤ ਲਿਖਿਆ
ਵਗਦੇ ਪਾਣੀਆਂ ਦਾ ਨਾਂ
ਕਿਨਾਰਿਆਂ ਤੋਂ ਖੋਹ ਲਿਆ ਹੱਸਣਾ
ਮਿੱਟੀ ਅੰਬਰ ਤੋਂ ਦਰਿਆ
ਸੁੱਖੇ ਰੇਤਿਆਂ ਤੇ, ਬੇੜੀਆਂ ਦਾ
ਬਣ ਖਾਬ ਅਸੀਂ ਖੜਾਂਗੇ।

ਹਰ ਬ੍ਰਿਖ, ਹਰ ਸ਼ਾਖ਼ ਨੂੰ
ਤੁਸੀਂ ਤਿਲ ਤਿਲ ਮਚਾ ਲਿਆ
ਹੱਲ, ਪੰਜਾਲੀ, ਕਹੀ, ਦਾਤੀ
ਫਸਲਾਂ ਨੂੰ ਕਬਰ ਬਣਾ ਲਿਆ
ਅਸੀਂ ਹਰ ਕਬਰ ਦੀ ਲਾਸ਼ ਵਿਚ
ਬੀਜ ਸੂਰਜਾਂ ਦੇ ਧਰਾਂਗੇ।...

ਏਹ ਮੁਕਣੀ ਨਾਂ ਗੱਲ ਅੱਜੇ
ਬਸ ਨਦੀਆਂ ਦੀ ਪਿਆਸ ਤੇ
ਲਹੂ ਦੇ ਰੋ-ਰੋ ਅੱਥਰੂ
ਧਰਤੀ ਦੀ ਲਾਸ਼ ਤੇ
ਵਸਦੇ ਘਰਾਂ ਦੀ ਮੁਸਕੜੀ
ਵਕਤ ਦੀ ਤਲੀ ਤੇ ਧਰਾਂਗੇ।...

—5/83, ਪ੍ਰਤਾਪ ਨਗਰ, ਪਟਿਆਲਾ-147001

—0—





## ਚਾਨਣ ਦਾ ਖ਼ਾਬ/ਮੁਹੰਮਦ ਫ਼ਿਰੋਜ਼ਸ਼ਹ

ਉਹ ਇੱਕ ਰਾਤ ਦੀ ਅੰਨ੍ਹੀ ਬਸਤੀ
ਜਿਸ ਦੇ ਵਿਹੜੇ
ਚੰਨ ਤਾਂ ਛੱਡੋ
ਮਿੱਟੀ ਦਾ ਦੀਵਾ ਨਹੀਂ ਬਲਦਾ
ਲੋਕੀਂ ਇੱਕ ਦੂਜੇ ਨੂੰ ਲੱਭਦੇ
ਆਪਣੀਆਂ ਅੱਖਾਂ ਤੋਂ ਵੀ ਵਧ ਕੇ
ਆਪਣੇ ਹੱਥਾਂ ਤੋਂ ਕੰਮ ਲੈਂਦੇ
ਰਾਹ ਟਟੋਲ ਟਟੋਲ ਕੇ ਲੱਭਦੇ,
ਆਪਣੇ ਵਿਛੜੇ ਹੋਏ ਰਿਸ਼ਤੇ

ਮੈਂ ਉਹਨਾਂ ਨੂੰ ਵੇਖ਼ ਕੇ ਸੋਚਾਂ
ਇਹਨਾਂ ਵਿਚ ਕੋਈ ਇਕ ਵੀ ਨਹੀਂ ਕੀ
ਜਿਹੜਾ ਆਪਣੀ ਰੱਤ ਦੇ ਦੀਵੇ ਬਾਲ ਕੇ
ਬਸਤੀ ਦੇ ਅੰਧਿਆਰੇ
ਆ ਕੇ ਅੱਜ ਮੁਕਾਵੇ ਸਾਰੇ,
ਬਸਤੀ ਦੇ ਹਰ ਇਕ ਵਸਨੀਕ ਦੀ
ਅੱਖ ਅੰਦਰ ਚਾਨਣ ਕਰ ਦੇਵੇ,
ਚੰਨ ਦੀ ਬਸਤੀ, ਵਿਚ ਚਾਨਣ ਦਾ
ਖ਼ਾਬ ਇਹ ਕਿਸ ਦਿਨ ਪੂਰਾ ਹੋਸੀ?

(ਲਹਿਰਾਂ, ਲਾਹੌਰ, ਅਪ੍ਰੈਲ 94)

## ਪੇਂਡੂ ਵੱਸੋਂ ਦੀ ਸਿੱਕ/ਜਾਵੇਦ ਜ਼ੱਲੀ

ਦਿਹੁੰ ਰਾਤੀਂ ਮੈਡੇ ਅੰਦਰ ਵੱਸਦੇ
ਸਾਵੀ ਰੁੱਤ ਦੇ ਬੇਲੇ
ਧੁਰ ਤਬੇਲੇ
ਸੋਚਾਂ ਦੀ ਵਾਟਾਂ ਤੇ ਧੁੰਗਰਨ
ਸੰਘਣੇ ਜੰਡ ਜੰਡੋਲੇ
ਝੁੱਲਣ ਵਾ-ਵਰੋਲੇ
ਵਿਚ ਚੰਗਰੇਂਦੇ ਨਿੱਗਰ ਜੁੱਸੇ
ਝੁੰਮਰ ਪਾਉਂਦੇ

ਵਾਰਾਂ ਨਾਬਰ ਭੱਟੀਆਂ,
ਖਰਲਾਂ ਜੇਹੇ ਰਾਠਾਂ ਦੀਆਂ ਗਾਉਂਦੇ
ਨਿੱਤ ਖਾੜ ਖਾੜ ਖੜਕਣ ਢੋਲ
ਮੈਡਾਂ ਅੰਗ ਅੰਗ ਨੱਚੇ ਲੁੱਡੀ
ਜੁੱਸਾ ਥੀਵੇ ਨਰਮ ਨਰੋਲ

ਨਜ਼ਮ

## ਕੰਮੀ ਰੱਬ/ਬਾਬਾ ਨਜ਼ਮੀ

ਕੋਈ ਵੀ ਕੰਮੀ
ਅੱਜ ਤੋਂ 'ਬਾਬਾ'
ਆਪਣੀ ਜ਼ਾਤ ਲੁਕਾਵੇ ਨਾ
ਚੀਮੇ', ਚੱਠੇ, ਜੱਟਾਂ ਤੋਂ ਘਬਰਾਵੇ ਨਾ
ਮੇਰੀ ਗੱਲ ਸੁਣੇ ਤੇ ਉੱਠੇ
ਢੋਲ ਵਜਾਵੇ, ਭੰਗੜੇ ਪਾਵੇ
ਦੀਵੇ ਬਾਲੇ, ਚੰਨ ਉਠਾਲੇ
ਕਾਮੇਂ ਦਾ ਜੇ ਨਾ ਈਂ ਕੰਮੀਂ
ਸਭ ਤੋਂ ਵੱਡਾ ਕੰਮੀ ਰੱਬ
ਸਭ ਤੋਂ ਵੱਡਾ ਕੰਮੀਂ ਰੱਬ

—o—

## ਹਿੰਦੀ ਗ਼ਜ਼ਲ/ਜ਼ਹੂਰ ਆਲਮ

ਮਿਸ਼ਾਲ ਲੇ ਕੇ ਚਲੋ ਔਰ ਮਿਸ਼ਾਲ ਲੇ ਕੇ ਚਲੋ,
ਸਵਾਲ ਜ਼ਿੰਦਾ ਹੈ ਜੋ ਵੋਹ ਸਵਾਲ ਲੇ ਕੇ ਚਲੋ।
ਚਮਕ ਰਹੇ ਹੈਂ ਸਿਤਾਰੇ, ਦਹਿਕਤੀ ਆਖੋਂ ਮੇਂ,
ਨਜ਼ਰ ਮੇਂ ਖਿਆਲ, ਦਿਲੋਂ ਮੇਂ ਉਬਾਲ ਲੇ ਕੇ ਚਲੋ।
ਕਮਾਲ ਹੈ ਕਿ ਦਿਲੋ-ਜਾਨ ਫਿਰ ਭੀ ਜ਼ਿੰਦਾ ਹੈਂ,
ਸਿਤਮ ਕੇ ਪਾਸ਼ ਯੇਹ ਜ਼ਿੰਦਾ ਕਮਾਲ ਲੇ ਕੇ ਚਲੋ।
ਅੰਧੇਰੇ ਹੈਂ ਅਭੀ ਉਨ ਜ਼ਾਲਿਮੋਂ ਕੇ ਤਰਕਸ਼ ਮੇਂ,
ਮੁਕਾਬਲਾ ਹੈ ਤੋ ਸੂਰਜ ਕੀ ਢਾਲ ਲੇ ਕੇ ਚਲੋ।
ਸ਼ਹੀਦ ਖ਼ੂਨ ਸੇ ਖਿਲਤਾ ਹੈ ਜਿਸਕਾ ਔਰ ਭੀ ਰੰਗ,
ਬੁਲੰਦ ਹਾਥ ਮੇਂ ਪਰਚਮ ਵੋਹ ਲਾਲ ਲੇ ਕੇ ਚਲੋ।

(ਪਹਿਲ ਵਿਚੋਂ)





## ਮੁਸਕਾਣ

ਮਕਸੂਦ ਸਾਕਿਬ (ਪਾਕਿਸਤਾਨ)

ਵੋਟਾਂ ਪੈਣ ਵਾਲੀਆਂ ਸਨ ! ਪ੍ਰੈਸ ਵਿਚ ਪੋਸਟਰਾਂ ਤੇ ਇਸ਼ਤਿਹਾਰਾਂ ਦੀ ਛਪਾਈ ਜ਼ੋਰਾਂ ਉੱਤੇ ਸੀ। ਸਵੇਰੇ ਅੱਠ ਵਜੇ ਤੋਂ ਈ ਪ੍ਰੈਸ ਚਾਲੂ ਹੋ ਜਾਂਦਾ ਤੇ ਫੇਰ ਰਾਤ ਦਾ ਇਕ ਡੇੜ ਅਰਾਮ ਨਾਲ ਵੱਜ ਜਾਂਦਾ। ਮਾਲਕਾਂ ਨੇ ਬਾਹਰਲੇ ਗੇਟ ਦੀਆਂ ਕੁੰਜੀਆਂ ਮੈਨੂੰ ਈ ਸੌਂਪੀਆਂ ਹੋਈਆਂ ਸਨ। ਮੈਂ ਸਵੇਰੇ ਪ੍ਰੈਸ ਅੱਪੜ ਕੇ ਜੰਦਰੇ ਖੋਲ੍ਹਦਾ। ਫੇਰ ਰਾਤੀਂ ਯਾਰਾਂ ਬਾਰਾਂ ਵਜੇ ਤੀਕਰ ਮੇਰੀ ਲੱਤ ਸਾਈਕਲ ਬੱਲੇ ਨਾ ਲਗਦੀ। ਪ੍ਰੈਸ ਵਿਚ ਰੂਲੇ ਸਾਫ਼ ਕਰਨ ਵਾਲੀਆਂ ਟਾਕੀਆਂ, ਸਿਆਹੀਆਂ, ਪਿੰਨਾਂ, ਪਲੇਟਾਂ, ਨੈਗੇਟਿਵ ਪਾਜ਼ੇਟਿਵ, ਡਾਈਆਂ, ਸੇਬੇ, ਰੱਸੀਆਂ ਤੇ ਹੋਰ ਖਬਰੇ ਕੀ ਕੀ ਮੈਨੂੰ ਸਾਰਾ ਦਿਨ ਬਜ਼ਾਰੋਂ ਢੋਣਾ ਪੈਂਦਾ। ਰਾਤ ਨੂੰ ਛਾਪਿਆ ਮਾਲ ਗਾਹਕਾਂ ਦੇ ਅੱਡਿਆਂ, ਡੇਰਿਆਂ ਉੱਤੇ ਅਪੜਾਣਾ ਤੇ ਉਗਰਾਹੀਆਂ ਕਰਦਿਆਂ ਮੇਰੀ ਭੂਤਨੀ ਭੁੱਲੀ ਰਹਿੰਦੀ। ਪ੍ਰੈਸ ਵਿਚ ਕੰਮ ਬੰਦ ਹੁੰਦਾ ਤੇ ਅੰਦਰਲੇ ਬੂਹੇ ਬਾਰੀਆਂ ਢੋਅ ਕੇ ਬਾਹਰ ਦੇ ਗੇਟ ਨੂੰ ਵੱਟੀ ਵੱਟੀ ਦੇ ਜੰਦਰੇ ਠੋਕਦਿਆਂ ਮੈਨੂੰ ਨਿੱਤ ਹੀ ਰਾਤ ਦੇ ਦੋ ਸਵਾ ਦੋ ਵੱਜ ਜਾਂਦੇ।

ਅੱਧੀ ਰਾਤ ਤੋਂ ਪਿੱਛੋਂ ਆਪਣੇ ਮਹੱਲੇ ਜਾਣ ਵਾਲੀ ਵੈਗਨ ਲੱਭ ਲੈਣ ਦਾ ਸਵਾਲ ਈ ਨਹੀਂ ਸੀ। ਇਹ ਹੈ ਧਈ ਬੇਰੀ ਵਾਲੇ ਅੱਡੇ ਤੀਕਰ ਵੈਗਨ ਸਾਰੀ ਰਾਤ ਚੱਲਦੀ ਰਹਿੰਦੀ ਸੀ। ਉਹ ਵੀ ਏਸ ਲਈ ਕਿ ਏਸ ਵੈਗਨ ਦਾ ਆਖਰੀ ਸਟਾਪ ਫਿਲਮੀ ਸਟੂਡੀਓ ਸਨ। ਬੇਰੀ ਅੱਡਿਓ ਸਾਡੇ ਮਹੱਲੇ ਤੇ ਅੱਗੇ ਦਰਿਆ ਤੀਕਰ ਜਾਣ ਵਾਲਾ ਟਾਂਗਾ ਚੱਲਦਾ ਸੀ। ਅੱਡੇ ਵਿਚ ਰਾਤੀਂ ਯਾਰਾਂ ਵਜੇ ਤੀਕਰ ਤੇ ਟਾਂਗਿਆਂ ਦਾ ਕਰਕੁੱਟ ਪਿਆ ਰਹਿੰਦਾ, ਪਰ ਆਖਰੀ ਸ਼ੋਅ ਤੇ ਮਗਰੋਂ ਟਾਂਗੇ ਵਿਰਲੇ ਈ ਰਹਿ ਜਾਂਦੇ। ਫੇਰ ਵੀ ਏਨਾ ਜ਼ਰੂਰ ਸੀ ਧਈ ਸੰਨੀ ਵੇਲੇ ਡੀਲਰ ਕੋਈ ਨਾ ਕੋਈ ਟਾਂਗਾ ਅੱਡੇ ਵਿਚ ਲੱਭ ਈ ਜਾਂਦਾ। ਬੇਰੀ ਵਾਲੇ ਅੱਡੇ ਤੇ ਓਥੋਂ ਖਟੀਕ ਮਹੱਲੇ ਆਪਣੇ ਘਰ ਅਪੜਨ ਤੀਕਰ ਮੈਨੂੰ ਕੁਕੜ-ਬਾਂਗਾਂ ਮਿਲਣ ਵਾਲੀਆਂ ਹੋ ਜਾਂਦੀਆਂ।

ਏਸ ਨਵੇਂ ਟਾਈਮ ਟੇਬਲ ਮੂਜਬ ਚਲਦਿਆਂ ਮੈਨੂੰ ਅਜੇ ਮਸਾਂ ਕੁਝ ਈ ਦਿਨ ਹੋਏ ਸਨ ਕਿ ਇਕ ਰਾਤੀਂ ਮੈਂ ਵੈਗਨ ਤੋਂ ਲੱਥ ਕੇ ਅੱਡੇ ਵਿਚ ਅੱਪੜਿਆ ਤੇ ਅੱਗੇ ਟਾਂਗਾ ਤਿਆਰ ਖਲੋਤਾ ਸੀ। ਪਿਛਲੇ ਪਾਸੇ ਸਵਾਰੀਆਂ ਪੂਰੀਆਂ ਹੋ ਗਈਆਂ ਸਨ। ਅਗਲੇ ਪਾਸੇ ਇਕ ਇਕ ਸਵਾਰੀ ਘੱਟ ਸੀ। ਪਰ ਸਾਰੀ ਸੀਟ ਦੋ ਮੋਟੇ ਮੋਟੇ ਬੰਦਿਆਂ ਨੇ ਮੱਲੀ ਹੋਈ ਸੀ। ਦੋਵੇਂ ਈ ਫਸ ਕੇ ਬੈਠੇ ਹੋਏ ਸਨ। ਇਹਨਾਂ ਵਿਚੋਂ ਇਕ ਤੇ ਮੈਨੂੰ ਕੋਈ ਬਜਾਜੀ ਵਾਲਾ ਜਾਂ ਮੁਨਿਆਰ ਲੱਗਦਾ ਸੀ ਤੇ ਦੂਜਾ ਕੋਈ ਮਿਸਤਰੀ ਜਾਂ ਵੈਲਡਿੰਗ ਕਰਨ ਵਾਲਾ। ਮੈਂ ਧਾਇਦਾਨ ਉੱਤੇ ਪੈਰ ਧਰ ਕੇ ਦਿਲ ਈ ਦਿਲ ਵਿਚ ਹਿਸਾਬ ਲਾਇਆ, ਜੇ ਇਹ ਬੰਦੇ ਆਪੋ ਆਪਣੀ ਚੁੜੱਤਣ ਥੋਹੜੀ ਬੋਹਤੀ ਕੁੰਜ ਲੈਣ ਤਾਂ ਮੇਰੇ ਜਿਹੇ ਛੀਟਕੇ ਵਜੂਦ ਦੇ

ਬੰਦੇ ਲਈ ਮਾੜੀ ਮੋਟੀ ਗੁੰਜਾਇਸ਼ ਨਿਕਲ ਸਕਦੀ ਏ। ਪਰ ਇਹਨਾਂ ਨੂੰ ਚੁੜੱਤਣ ਕੁੰਜਣ ਦਾ ਮੈਂ ਨਹੀਂ ਸਾਂ ਆਖ ਸਕਦਾ। ਇਹ ਕੰਮ ਕੋਚਵਾਨ ਈ ਕਰ ਸਕਦਾ ਸੀ ਪਰ ਕੋਚਵਾਨ ਉੱਥੇ ਨੇੜੇ ਤੇੜੇ ਕਿਧਰੇ ਵਿਖਾਈ ਨਹੀਂ ਸੀ ਦਿੰਦਾ ਪਿਆ। ਘੋੜੇ ਦੇ ਮੂੰਹ ਨੂੰ ਦਾਣੇ ਵਾਲਾ ਤੋਬੜਾ ਚਾੜ੍ਹ ਕੇ ਉਹ ਪਤਾ ਨਹੀਂ ਕਿੱਥੇ ਗਾਇਬ ਹੋਇਆ ਪਿਆ ਸੀ। ਮੈਂ ਇੰਝ ਈ ਪਹੀਏ ਦੇ ਨਾਲ ਇਕ ਪੈਰ ਹੇਠਾਂ ਜ਼ਮੀਨ ਉੱਤੇ ਤੇ ਦੂਜਾ ਪਾਇਦਾਨ ਉੱਤੇ ਟਿਕਾਈ ਖਲੋਤਿਆਂ ਉਹਨਾਂ ਬੰਦਿਆਂ ਦੇ ਮੂੰਹਾਂ ਵੱਲ ਝਾਤੀ ਮਾਰੀ। ਉਹਨਾਂ ਮੇਰੇ ਵੱਲ ਮਾੜਾ ਜਿਹਾ ਧਿਆਨ ਕਰਨ ਦੀ ਵੀ ਖੇਚਲ ਨਾ ਕੀਤੀ। ਮੈਨੂੰ ਜਾਪਿਆ ਜਿਵੇਂ ਮਿਸਤਰੀ ਦੀ ਝੋਲੀ ਵਿਚੋਂ ਮੈਨੂੰ ਕੋਈ ਦੋ ਅੱਖਾਂ ਝਾਕਦੀਆਂ ਪਈਆਂ ਸਨ। ਮੈਂ ਧਿਆਨ ਮਾਰਿਆ ਤੇ ਇਕ ਸੱਤਾਂ ਅੱਠਾਂ ਵਰ੍ਹਿਆਂ ਦਾ ਜਾਤਕ ਹੋਣਾ ਏਂ ਕਾਲੇ ਗੁਲਾਬ ਦੀ ਰੰਗਤ ਵਾਲਾ, ਜਿਹੜਾ ਕੰਵਲ ਫੁੱਲਾਂ ਵਰਗੀਆਂ ਅੱਖਾਂ ਨਾਲ ਮੇਰੇ ਵੱਲ ਝਾਕਦਾ ਪਿਆ ਸੀ "ਕੰਗਰੂ ਬੱਚਾ", ਮੈਂ ਦਿਲ ਈ ਦਿਲ ਵਿਚ ਆਖਿਆ। ਫੇਰ ਪਤਾ ਨਹੀਂ ਮੈਨੂੰ ਕੀ ਹੋਇਆ ਮੈਂ ਇੰਝ ਹੀ ਆਪਣੀ ਥਾਵੇਂ ਖਲੋਤਿਆਂ ਇਕ ਹੱਥ ਲੰਮਾ ਕਰ ਕੇ "ਕੰਗਰੂ ਬੱਚੇ" ਦੇ ਮੁੱਖੜੇ ਨੂੰ ਪਲੋਸਦਿਆਂ ਮੂੰਹੋਂ ਕਿਸੇ ਪਸ਼ੂ ਪੰਛੀ ਨਾਲ ਰਲਦੀ ਮਿਲਦੀ ਕੋਈ ਆਵਾਜ਼ ਕੱਢੀ। "ਕੰਗਰੂ ਬੱਚੇ" ਦੇ ਹੋਠਾਂ ਉੱਤੇ ਪਹਿਲਾਂ ਤੇ ਮੁਸਕਾਣ ਦੀ ਇਕ ਮਹੀਨ ਜੇਹੀ ਪਰਤ ਜਾਗੀ ਤੇ ਫੇਰ ਉਹ ਇਕ ਕਿਲਕਾਰੀ ਦਾ ਰੂਪ ਵਟਾ ਗਈ। ਮਿਸਤਰੀ ਨੇ ਉੜ ਕੇ ਆਪਣੇ ਜਾਤਕ ਨੂੰ ਹੱਸਦਿਆਂ ਵੇਖਿਆ ਉਹਨੂੰ ਕੁਝ ਸਮਝ ਨਾ ਆਈ। ਫੇਰ ਜਦੋਂ ਉਹਨੇ ਮੂੰਹ ਉੱਤੇ ਵੀ ਆਪਣੇ ਜਾਤਕ ਦੇ ਮੁੱਖੜੇ ਵਰਗਾ ਰੰਗ ਖਿੜਿਆ ਵੇਖਿਆ ਤਾਂ ਉਹ ਵੀ ਗੁੜ੍ਹਕ ਪਿਆ।

"ਹੱਛਾ ਤੇ ਤੂੰ ਕਰ ਲਈ ਏ ਜਾਣ ਪਛਾਣ ਬਾਵੇ ਹੋਰਾਂ ਨਾਲ ਵੀ। ਕਮਾਲ ਏ ਭਈ ਤੂੰ। ਪਤਾ ਈ ਨਹੀਂ ਲੱਗਣ ਦੇਂਦਾ ਕਿਸੇ ਨੂੰ।" ਮਿਸਤਰੀ ਆਪਣੇ ਜਾਤਕ ਨੂੰ ਆਖਦਾ ਪਿਆ ਸੀ।

ਮੇਰੀ ਦਾੜ੍ਹੀ ਤੇ ਪੁੜਪੁੜੀਆਂ ਦੇ ਚਿੱਟੇ ਵਾਲ ਵੇਖ ਕੇ ਉਹਨੇ ਮੈਨੂੰ 'ਬਾਵੇ' ਦਾ ਲਕਬ ਦੇ ਦਿੱਤਾ ਸੀ। ਮੈਂ ਇਕ ਵਾਰੀ ਫੇਰ ਮੂੰਹ ਅੱਗੋਂ ਕਰਕੇ ਪਸ਼ੂ ਪੰਛੀਆਂ ਜੇਹੀ ਵਾਜ ਸੰਘੋ ਕੱਢੀ, ਜਾਤਕ ਹੁਣ ਪਹਿਲੇ ਤੋਂ ਵੀ ਉੱਚੀ ਉੱਚੀ ਹੱਸਣ ਲੱਗ ਪਿਆ।

"ਪੁੱਤਰ ਲਾਟੂ ਇੰਝ ਤੇ ਨਹੀਂ ਨਾ, ਤੂੰ ਉੱਤੇ ਬੈਠਾ ਏ ਮੇਰੀ ਝੋਲੀ ਵਿਚ ਨਿੱਘਾ ਹੋ ਕੇ ਤੇ ਬਾਵੇ ਹੋਰੀਂ ਥੱਲੇ ਖਲੋਤੇ ਨੇ ਪਾਲੇ ਵਿਚ ਆਖ ਬਾਵਾ ਜੀ ਉੱਤੇ ਆ ਜਾਓ ਤੇ ਮੇਰੇ ਕੋਲ ਬਹਿ ਜਾਓ।" ਮਿਸਤਰੀ ਨੇ ਮੇਰਾ ਖਿਆਲ ਕੀਤਾ। "ਕੋਈ ਗੱਲ ਨਹੀਂ ਮੈਂ ਆਪਣੀ ਮਰਜ਼ੀ ਨਾਲ ਖਲੋਤਾਂ। ਕੋਚਵਾਨ ਆ ਜਾਂਦਾ ਏ ਤੇ ਬਹਿ ਜਾਨਾਂ।" ਮੈਂ ਗੱਲ ਵਲਾਈ।

"ਅਹਿਮਾ ਤੂੜੀ ਦਾਣਾ ਲੈਣ ਗਿਆ ਹੋਇਆ ਏ ਕਿਹੜਾ ਵੇਲੇ ਦਾ। ਪੱਕ ਨਾਲ ਗਿੱਦੜ ਮਾਰਨ ਬਹਿ ਗਿਆ ਹੋਣਾ ਏਂ। ਤੁਸੀਂ ਆ ਜਾਓ। ਉਹਨੇ ਝੱਟ ਲਾ ਕੇ ਈ ਆਉਣਾ ਏਂ। ਐਵੇਂ ਕਾਹਨੂੰ ਖਲੋਂਦੇ ਓ ਤਰੇਲ ਹੇਠਾਂ।" ਫੇਰ ਉਹਨੇ ਆਪਣੇ ਨਾਲ ਬੈਠੇ ਨੂੰ ਆਖਿਆ।



"ਤੁਸੀਂ ਥੋੜਾ ਜਿਹਾ ਧਾਸਾ ਨਹੀਂ ਵੱਟਦੇ, ਬਾਵੇ ਹੋਰਾਂ ਲਈ ?"

ਮੈਂ ਉਹਨਾਂ ਦੋਵਾਂ ਵਿਚਾਲੇ ਬਣੀ ਮਾੜੀ ਜੇਹੀ ਵਿੱਥ ਵਿਚ ਫਾਲ ਵਾਂਗ ਠੁੱਕ ਕੇ ਬਹਿ ਗਿਆ। "ਕੰਗਰੂ ਬੱਚੇ" ਨੇ ਕੋਲ ਫੁੱਲ ਅੱਖਾਂ ਝਮਕਦਿਆਂ ਮੈਨੂੰ ਤੱਕਿਆ। ਮੈਂ ਉਹਦਾ ਸ਼ੁਕਰਾਨਾ ਤਾਰਨ ਲਈ ਉਹਦੇ ਮੁੱਖੜੇ ਨੂੰ ਫੇਰ ਪਲੋਸ ਲਿਆ।

"ਚੱਲ ਆ ਜਾ ਓਏ ਅਹਿਮਿਆ ਭੈੜਿਆ, ਤੇਰਾ ਗਿੱਦੜ ਨਹੀਂ ਮਰਿਆ ਅਜੇ ਤੀਕਰ। ਏਧਰ ਫੇਰਾ ਤਿਆਰ ਹੋਇਆ ਪਿਆ ਈ।" ਮਿਸਤਰੀ ਤੋਂ ਆਪੂ ਵੀ ਹੁਣ ਹੋਰ ਚਿਰ ਜਰਨਾ ਔਖਾ ਹੋ ਗਿਆ ਸੀ।

ਪਿਛਲੀ ਸੀਟ ਤੋਂ ਕਿਸੇ ਬਿੰਡੇ ਵਰਗੀ ਵਾਜ ਵਾਲੇ ਬੰਦੇ ਨੇ ਮਿਸਤਰੀ ਦੀ ਗੱਲ ਫੜ ਲਈ। ਗਿੱਦੜ ਮਾਰਨ ਗਿਆ ਏ ! ਐਥੇ ਸ਼ਹਿਰ ਵਿਚ ਗਿੱਦੜ ਵੀ ਹੈਨ ?"

"ਹੋ ਸਕਦਾ ਏ ਉਹਨਾਂ ਬਿਲਡਿੰਗਾਂ ਤੋਂ ਪਰਾਂਅ ਝਾੜੀਆਂ ਤੇ ਗਿੱਦੜ ਦੋਵੇਂ ਈ ਹੋਣ।" ਕੋਲੋਂ ਦੂਜੇ ਬੰਦੇ ਨੇ ਆਪਣੇ ਵਲੋਂ ਚਾਨਣ ਪਾਉਣਾ ਚਾਹਿਆ ਸੀ।

ਮਿਸਤਰੀ ਨੇ ਹੌਲੀ ਜਹੀ ਮੈਨੂੰ ਅਰਕ ਮਾਰੀ। "ਲਓ ਹੁਣੇ ਪਤਾ ਲੱਗ ਜਾਂਦਾ ਏ ਕਿੰਨੀਆਂ ਕੋ ਪੜ੍ਹੇ ਹੋਏ ਓ ਤੁਸੀਂ !"

"ਨਾ ਪਰ ਇਹਨੂੰ ਕੋਚਵਾਨ ਨੂੰ ਕੀ ਲੋੜ ਪੈ ਗਈ ਗਿੱਦੜ ਦੀ, ਜਿਹੜਾ ਸਾਨੂੰ ਐਥੇ ਟੰਗ ਕੇ ਉਹਨੂੰ ਮਾਰਨ ਚੜ੍ਹ ਪਿਆ ਏ ?" ਬੀਂਡੇ ਦੀ ਵਾਜ ਵਾਲੇ ਦਾ ਖਿਆਲ ਜਿਵੇਂ ਪਹਿਲਾਂ ਈ ਪੈਰ ਉੱਤੇ ਅੱਗੇ ਟੁਰਨ ਤੋਂ ਇਨਕਾਰੀ ਸੀ।

"ਹੋ ਸਕਦਾ ਏ ਕੋਈ ਦਵਾਈ ਬਣਾਈ ਹੋਵੇ ਸੂ। ਕਿਸੇ ਨੁਸਖਾ ਦੱਸਿਆ ਹੋਵੇ।"

ਓਹ ਪਹਿਲੇ ਵਾਲਾ ਹੁੰਗਾਰਾ ਭਰਦੀ ਵਾਜ ਫੇਰ ਸਾਡੇ ਕੰਨੀ ਪਈ।

"ਪਰ ਇਹ ਇਲਾਕਾ ਚੋਖਾ ਨਹੀਂ ਤੇ ਥੋਹੜਾ ਬਹੁਤਾ ਫਿਰਿਆ ਈ ਹੋਇਆ ਏ। ਝਾੜੀਆਂ ਤੇ ਗਿੱਦੜਾਂ ਦੀ ਗੱਲ ਤੇ ਕਦੀ ਨਹੀਂ ਕੀਤੀ ਕਿਸੇ ਮੇਰੇ ਨਾਲ। ਐਥੇ ਤੇ ਇਹ ਬਿਲਡਿੰਗਾਂ ਤੇ ਕੋਠੀਆਂ ਈ ਨੇ।" ਬੀਂਡੇ ਦੀ ਵਾਜ ਵਾਲਾ ਦਲੀਲੀਂ ਪਿਆ ਹੋਇਆ ਸੀ।

"ਚਲੋ ਉਹ ਆ ਗਿਆ ਏ ਅਹਿਮਾ ਵੀ। ਤੁਸੀਂ ਕਾਹਨੂੰ ਦਿਮਾਗ ਥਕਾਉਂਦੇ ਓ ਅਜਾਈਂ। ਉਹਨੂੰ ਈ, ਪੁੱਛ ਲੈਨੇ ਆਂ। "ਕਿੱਥੇ ਗਿੱਦੜ ਮਾਰਨ ਗਿਆ ਹੋਇਆ ਸੀ ਉਏ ?"

ਮਿਸਤਰੀ ਨੇ ਇਕ ਵਾਰੀ ਫੇਰ ਮੈਨੂੰ ਪੋਲੀ ਜਹੀ ਅਰਕ ਮਾਰੀ ਤੇ ਉੱਚੀ ਸਾਰੀ ਆਖਿਆ।

ਅਹਿਮਾ ਕੋਚਵਾਨ ਚਾਦਰ ਜੇਹੀ ਦੀ ਬੁੱਕਲ ਮਾਰੀ, ਮੋਢੇ ਉੱਤੇ ਤੂੜੀ ਦਾਣੇ ਦਾ ਤੋੜਾ ਪਾਈ ਹਨੇਰੇ ਫੁੱਟਪਾਥ ਤੇ ਤੁਰਿਆ ਆਉਂਦਾ ਸੀ।

"ਚੱਲ ਭਾਈ ਟੁਰ ਪਓ ਹੁਣ, ਬਥੇਰੀ ਹੋ ਗਈ ਏ ਸਾਡੇ ਨਾਲ। ਹੋਰ ਕਿੰਨੀ ਕੋ ਦੇਰ ਕਰਵਾਊ। ਹੁਣ ਨੂੰ ਤੇ ਅਸਾਂ ਪੈਦਲ ਟੁਰਿਆਂ ਈ ਘਰ ਅੱਪੜ ਜਾਣਾ ਸ਼ੀ।"

ਮੇਰੇ ਖੱਬੇ ਪਾਸਿਓਂ ਬਜਾਜੀਆ ਜਾਂ ਮੁਨਿਆਰ ਬੋਲਿਆ।

"ਬੱਸ ਹੀ ਚੱਲ ਪਏ ਹੁਣ। ਇਹ ਜ਼ਰਾ ਪੈਰ ਅੱਗੇ ਕਰਿਆ ਜੇ। ਹੋਦੋ ਵਿਚ ਦਾਣਾ ਰੱਖ ਲਈਏ ਤੇ ਬੱਸ ਫੇਰ ਚਲੀਏ। ਓ ਯਾਰ ਕੌਡੂ ਮਲਕ ਮੈਨੂੰ ਛੇਤੀ ਈ ਨਹੀਂ ਸੀ ਕਰਦਾ ਪਿਆ। ਬਥੇਰਾ ਆਖਿਆ ਉਹਨੂੰ। ਅਖੇ ਨਹੀਂ ਝੱਟ ਖਲੋ ਜਾ। ਅਸਾਂ ਵੀ ਆਖਿਆ ਖਲਿਹਾਰ ਲੈ।"

ਅਹਿਮਾ ਘੋੜੇ ਦੇ ਮੂੰਹ ਨਾਲੋਂ ਤੋਬੜਾ ਵੀ ਖੋਲ੍ਹ ਲਿਆਇਆ ਸੀ। ਏਧਰੋਂ ਵਿਹਲਿਆਂ ਹੋ ਕੇ ਉਹਨੇ ਟਾਂਗੇ ਦੇ ਬੰਬ ਨਾਲ ਬੰਨੀਆਂ ਹੋਈਆਂ ਰਾਸਾਂ ਖੋਹਲੀਆਂ ਤੇ ਉਹਨਾਂ ਨੂੰ ਮਾੜਾ ਮਾੜਾ ਛਿਕਦਾ ਤੇ ਮੂੰਹ ਵਿਚੋਂ ਵਾਜਾਂ ਕੱਢਦਾ ਹੋਇਆ ਘੋੜੇ ਨੂੰ ਟੋਰਨ ਲੱਗ ਪਿਆ।

ਘੋੜਾ ਬਿਨਾ ਕੋਈ ਉਜਰ ਕੀਤਿਆਂ ਹੌਲੀ ਹੌਲੀ ਪੌੜ ਮਾਰਦਾ ਤੁਰ ਪਿਆ। ਅਹਿਮੇ ਨੇ ਪਾਇਦਾਨ ਉੱਤੇ ਖਲੋ ਕੇ ਦੂਜਾ ਪੈਰ ਬੰਬ ਉੱਤੇ ਧਰ ਲਿਆ ਤੇ ਛਾਂਟੇ ਦੀ ਸੋਟੀ ਨਾਲ ਹੌਲੀ ਜਹੀ ਕਰਕੇ ਘੋੜੇ ਨਾਲ ਕੋਈ ਗੱਲ ਕੀਤੀ। ਘੋੜਾ ਛੇਤੀ ਈ ਸੜਕ ਉੱਤੇ ਚੜ੍ਹਕੇ ਆਪਣੀ ਚਾਲੇ ਹੋ ਗਿਆ।

"ਅਹਿਮਿਆ ਤੂੰ ਮਲਕ ਦੀ ਗੱਲ ਛੱਡ ਤੇ ਸਾਨੂੰ ਇਹ ਦੱਸ ਪਈ ਗਿੱਦੜ ਮਾਰਿਆ ਈ ਕਿ ਨਹੀਂ।" ਮਿਸਤਰੀ ਜੀਹਦਾ ਨਾਂ ਅਹਿਮੇ ਕੋਚਵਾਨ ਨੇ ਹੁਣੇ ਹੁਣੇ ਕੌਡੂ ਦੱਸਿਆ ਸੀ ਬੋਲਿਆ।

"ਹਾਂ ਭਈ ਇਹਨਾਂ ਬਿਲਡਿੰਗਾਂ ਮਕਾਨਾਂ ਵਿਚ ਕਿਹੜੇ ਗਿੱਦੜ ਮਾਰਦਾ ਫਿਰਦਾ ਏਂ ਤੂੰ। ਸਾਨੂੰ ਵੀ ਤਾਂ ਪਤਾ ਲੱਗੇ।" ਟਾਂਗੇ ਦੇ ਪਿਛਲੇ ਪਾਸਿਓਂ ਬੀਂਡੇ ਦੀ ਵਾਜ ਆਈ।

"ਬੜਾ ਨਹਿਸ਼ ਏ ਤੂੰ ਭਾਈ ਕੌਡੂ। ਸਾਰਿਆਂ ਨੂੰ ਦੱਸ ਦਿੱਤਾ ਈ ਮੇਰੇ ਮਗਰੋਂ। ਚੰਗਾ ਬੰਦਾ ਏਂ ਭਈ ਤੂੰ" ਅਹਿਮੇ ਨੇ ਗਿਲਾ ਕੀਤਾ।

ਮਿਸਤਰੀ ਕੌਡੂ ਉੱਚੀ ਉੱਚੀ ਹੱਸਣ ਲੱਗ ਪਿਆ। "ਭਾਈ ਹੋਰਾਂ ਜੋ ਕੁਝ ਪੁਛਿਆ ਏ, ਉਹ ਤੇ ਦੱਸ ਲੈ ਪਹਿਲਾਂ, ਫੇਰ ਕਰਦਾ ਰਹੀਂ ਜਿੰਨੀਆਂ ਵੀ ਗੱਲਾਂ ਕਰਨੀਆਂ ਤੂੰ।" ਇਹ ਆਖ ਕੇ ਮਿਸਤਰੀ ਦਾ ਹਾਸਾ ਹੋਰ ਉੱਚਾ ਹੋ ਗਿਆ।

ਲਾਟੂ ਨੇ ਇੰਝ ਪਿਉ ਨੂੰ ਪਾਗਲਾਂ ਹਾਰ ਹਸਦਿਆਂ ਵੇਖਿਆ ਤੇ ਉਹ ਵੀ ਹੱਸਣ ਲੱਗ ਪਿਆ। ਹੁਣ ਮੇਰੋ ਕੋਲੋਂ ਵੀ ਨਾ ਰਿਹਾ ਗਿਆ। ਘੋੜਾ ਸਾਡੇ ਹਾਸੇ ਦੀ ਵਾਜ ਸੁਣ ਕੇ ਫੁੜਕੜੇ ਮਾਰਦਾ ਕਨੌਤੀਆਂ ਚੱਕਦਾ ਨੱਸੀ ਜਾਂਦਾ ਪਿਆ ਸੀ। ਮੈਨੂੰ ਲੱਗਾ ਜਿਵੇਂ ਉਹ ਵੀ ਅਹਿਮੇਂ ਦੇ ਮਖੌਲ ਵਿਚ ਸਾਡੇ ਨਾਲ ਰਲ ਗਿਆ ਹੋਵੇ।

ਅਹਿਮੇ ਨੇ ਮੂੰਹ ਭੰਵਾ ਕੇ ਕੌਡੂ ਨੂੰ ਘੂਰੀ ਵੱਟੀ ਤੇ ਫੇਰ ਰਾਸਾਂ ਤੋਂ ਇਕ ਹੱਥ ਹਟਾ ਕੇ ਲਾਟੂ ਦੇ ਨੱਕ ਦੀ ਕਰੂੰਬਲ ਫੜ ਲਈ, "ਕਿਓਂ ਓਏ ਖੇੜੂ ਫਲਿਆ, ਤੈਨੂੰ ਵੀ ਆਧਣੇ ਪਿਓ ਵਾਂਗ ਬੜੇ ਹਾਸੇ ਆਉਂਦੇ ਨੇ।

ਅਹਿਮੇ ਤੋਂ ਆਪਣਾ ਨੱਕ ਛਡਾਉਂਦਿਆਂ ਲਾਟੂ ਏਨਾ ਈ ਆਖ ਸਕਿਆ, "ਚਾਚਾ ਗਿੱਦੜ......" ਅੱਗੋਂ ਉਹਦੀ ਵਾਜ ਨਾ ਨਿਕਲ ਹੋਈ।



ਹੁਣ ਤੇ ਸਾਰਾ ਟਾਂਗਾ ਹੱਸਣ ਲੱਗ ਪਿਆ। ਘੋੜੇ ਨੇ ਵੀ ਜ਼ੋਰ ਦੀ ਫੁੜਕੜਾ ਮਾਰਿਆ। ਅਹਿਮਾ ਪੱਚੀ ਜਿਹਾ ਹੋ ਗਿਆ, "ਉਏ ਭਰਾਵੋ ਤੁਸੀਂ ਤੇ ਸਾਰੇ ਮੇਰੇ ਮਗਰ ਈ ਪੈ ਗਏ ਓ। ਲਓ ਮੈਂ ਦੱਸ ਈ ਦੇਨਾਂ ਤੁਹਾਨੂੰ ਕਿਹੜਾ ਗਿੱਦੜ ਮਾਰਨ੍ਹੀ ਗਿਆ ਸਾਂ। ਆਹ ਥਕੇਵਾਂ ਥੋਕੜਾ ਲਾਹੁਣ ਲਈ ਜਿਹੜਾ ਸਿਗਰਟ ਪੀਤਾ ਜਾਂਦਾ ਏ, ਉਹਨੂੰ ਈ ਗਿੱਦੜ ਮਾਰਨਾ ਆਖਦੇ ਨੇ। ਹੋਰ ਸ਼ਹਿਰ ਵਿਚ ਗਿੱਦੜਾਂ ਹਜਾਮਤ ਕਰਾਉਣ ਆਉਣਾ ਸੀ, ਹਲਾ ਬੰਦਾ ਪੁੱਛੇ।

ਮੈਨੂੰ ਵੀ ਹੁਣ ਈ ਸਮਝ ਆਈ ਪਈ ਪੂਰਾ ਸਿਗਰਟ ਪੀਣ ਨੂੰ ਇਹ ਲੋਕ ਗਿੱਦੜ ਮਾਰਨ ਆਖਦੇ ਨੇ। ਨਹੀਂ ਤੇ ਮੈਂ ਵੀ ਐਵੇਂ ਵੇਖਾ ਵੇਖੀ ਈ ਹੱਸੀ ਜਾਂਦਾ ਸਾਂ ਪਿਆ।

ਮਿਸਤਰੀ ਕੌਡੂ ਜੀ ਬੜੇ ਸ਼ੈ ਓ ਤੁਸੀਂ ਵੀ ਓਸ ਵੇਲੇ ਦਾ ਸਾਡਾ ਸਾਰਿਆਂ ਦਾ ਵਾਹਵਾ ਤਵਾ ਲਾਇਆ ਏ ਤੁਸਾਂ ਵੀ।" ਮੈਂ ਕੌਡੂ ਨੂੰ ਆਖਿਆ।

"ਬੱਸ ਜੀ ਸਰਕਾਰ, ਅਸੀਂ ਲੰਗੋਟੀਏ ਆਂ ਦੋਵੇਂ ਜਣੇ। ਤੁਸੀਂ ਨਹੀਂ ਸੁਣਿਆ ਹੋਰ ਕੋਈ ਮਿਲ ਪਵੇ, ਸਾਲ੍ਹਾ ਲੰਗੋਟੀਆ ਨਾ ਮਿਲੇ—ਅੱਜ ਮਿਲੇ ਆਂ ਤੇ ਫੇਰ ਹਾਸਾ ਖੇਡਾ ਤੇ ਹੋਣਾ ਈ ਸੀ ਕਿ......ਪਰ ਮੈਂ ਮਿਸਤਰੀ ਕੋਈ ਨਹੀਂ ਜੇ। ਐਵੇਂ ਕੱਪੜਿਆਂ ਤੇ ਮੂੰਹ ਮੁਹਾਂਦਰੇ ਤੋਂ ਭੁੱਲੇ ਨਾ ਰਿਹਾ ਜੇ।"

"ਤੇ ਕੀ ਕੰਮ ਕਰਦੇ ਓ ਤੁਸੀ, ?"

ਲਓ ਕੰਮ ਕਰਦੇ ਹੁੰਦੇ ਤੇ ਹੁਣ ਸਾਉਦੀ ਅਰਬ ਬੈਠੇ ਸੂਦ ਨਾ ਖਾਂਦੇ ਪਏ ਹੁੰਦੇ। ਆਹ ਤੋਤੇ ਚਿੜੀਆਂ ਵੇਚਦੇ ਨੇ, ਚੀਨੀ ਦੇ ਬਣੇ ਹੋਏ ਨਹੀਂ ਹੁੰਦੇ। ਪੜਛੱਤੀਆਂ ਤੇ ਕਾਰਨਸਾਂ ਦੀ ਸਜਾਵਟ ਲਈ ਲੈਂਦੇ ਨੇ ਲੋਕ।"

"ਇਹ ਲਾਟੂ ਵੀ ਤੇ ਨਾਲ ਏ ਤੁਹਾਡੇ ?" "ਇਹ ਰੋਜ਼ ਨਾਲ ਈ ਹੁੰਦਾ ਏ ਕਿ— ਦਿਨੇ ਸਕੂਲੇ ਜਾਂਦਾ ਏ।" "ਐਡੇ ਕੁਵੇਲੇ ਵੀ ਇਹੋ ਜਹੀਆਂ ਸ਼ੈਆਂ ਵਿੱਕ ਜਾਂਦੀਆਂ ਨੇ। ਕੌਣ ਲੈਂਦਾ ਏ ? ਮੈਂ ਪੁੱਛਿਆ।

"ਲਓ ਏਸ ਵੇਲੇ ਈ ਤੇ ਸਾਡੀ ਗਾਹਕੀ ਸਾਰੀ ਬਾਹਰ ਨਿਕਲਦੀ ਏ। ਅਸੀਂ ਦੋਵੇਂ ਸ਼ਾਮ ਤੋਂ ਪਹਿਲਾਂ ਮਾਰਕੀਟ ਜਾਨੇ ਆਂ। ਉਥੋਂ ਮਾਲ ਲੈ ਕੇ ਆ ਜਾਈਦਾ ਏ ਕੰਮ ਤੇ। ਆਹ ਕੱਕੜ ਕੜਾਹੀਆਂ ਤੇ ਵੱਧ ਫ਼ਾਲੂਦੀਆਂ ਦੀ ਬਹਾਰ ਹੁੰਦੀ ਏ ਰਾਤ ਨੂੰ। ਗੱਡੀਆਂ ਮੋਟਰਾਂ ਦਾ ਐਨ, ਸਾੜ੍ਹ ਪਿਆ ਹੁੰਦਾ ਏ ਕਿ ਵੇਖ ਕੇ ਮੱਤ ਮਾਰੀ ਜਾਂਦੀ ਏ ਚੰਗੇ ਭਲੇ ਬੰਦੇ ਦੀ। ਅਸੀਂ ਵੀ ਇਕ ਇਕ ਗੱਡੀ ਦੇ ਸ਼ੀਸ਼ੇ ਨੂੰ ਜਾ ਸੁੰਘਾਉਨੇ ਆ ਆਪਣੇ ਨਗ। ਕਿਸੇ ਨਾ ਕਿਸੇ ਤੇ ਫੇਰ ਬੋਲਣਾ ਈ ਹੁੰਦਾ ਏ, ਕਈਆਂ ਦੇ ਨਾਲ ਆਏ ਬਾਲ ਈ ਘੜੀ ਬੰਨ੍ਹ ਲੈਂਦੇ ਨੇ। ਪੱਚੀ ਹੁੰਦਿਆਂ ਹੁੰਦਿਆਂ ਲੈ ਕੇ ਦੇਣੀ ਪੈਂਦੀ ਨੇ ਸ਼ੈ। ਬੱਸ ਰੋਟੀ ਨਿਕਲ ਆਉਂਦੀ ਏ। ਸ਼ੇਰ ਚਿੱਤਰਾ, ਬਾਰਾਂ ਸਿੰਗਾ ਜਾਂ ਹੋਵੇ ਵੱਡੇ ਸਾਈਜ਼ ਵਿਚ ਤਾਂ ਹੋਰ ਵੀ ਵਧੀਆ ਗੱਲਬਾਤ ਹੋ ਜਾਂਦੀ ਏ।" ਕੌਡੂ ਨੇ ਵੇਰਵਾ ਕਰਦਿਆਂ ਦੱਸਿਆ।

ਅਹਿਮੇ ਨੇ ਘੋੜੇ ਦੀ ਕੰਡ ਉੱਤੇ ਛਾਂਟੇ ਦੀ ਸ਼ੂਕਰ ਫੇਰੀ ਤੇ ਮੂੰਹ ਭੁੰਵਾ ਕੇ ਕੌਡੂ ਨੂੰ ਆਖਣ ਲੱਗਾ, "ਯਾਰ ਤੇਰੀ ਗੱਲ ਵੱਡੀ ਹੁੰਦੀ ਏ, ਮੈਂ ਤੈਥੋਂ ਪੁੱਛਣਾ ਚਾਹੁੰਦਾਂ ਪਈ ਇਹ

ਜਿਹੜੀ ਸਾਡੇ ਮੁਲਕ ਵਿਚ ਐਡੀ ਗੜੀ ਸੂ ਗਈ ਏ ਇਹ ਬਣਿਆ ਕੀ ਨੇ, ਪਹਿਲਾਂ ਤੇ ਇੰਝ ਨਹੀਂ ਸੀ ਹੁੰਦਾ ?"

"ਲੈ ਕੋਈ ਇਕ ਤੇ ਦੋ ਸੂ ਗਈ, ਐਥੇ ਤੇ ਪੜ ਈ ਪਾਟ ਨੇ। ਅਮਰੀਕਾ ਵਾਲੇ ਤੇ ਅੱਗੇ ਆਂਹਦੇ ਨੇ ਪੂਰੀ ਦੁਨੀਆਂ ਵਿਚ ਪਾਕਿਸਤਾਨ ਈ ਇਕ ਮੁਲਕ ਏ, ਜਿਥੋਂ ਦੀ ਬਾਦਸ਼ਾਹੀ ਕੰਗਾਲ ਏ ਤੇ ਅਵਾਮ ਅਮੀਰ ਏ।"

ਅਹਿਮਾ ਹੱਸ ਪਿਆ, "ਖਰੀ ਗੱਲ ਏ ਪਰ ਅਸੀਂ ਤੇ ਅਵਾਮ ਵਿਚ ਨਹੀਂ ਨਾ ਆਉਂਦੇ।"

"ਲੈ ਅਸੀਂ ਅਵਾਮ (ਆਪ ਲੋਕੀਂ) ਵਿਚ ਭਲਾ ਕਿਵੇਂ ਆਉਂਦੇ ਆਂ, ਪਰ ਅਗਲੇ ਸਾਨੂੰ ਅਵਾਮ ਵਿਚ ਈ ਗਿਣ ਲੈਂਦੇ ਨੇ। ਹੱਛਾ ਛੱਡ ਆਹ ਗੱਡੀਆਂ ਮੋਟਰਾਂ ਵਾਲਿਆਂ ਦੀ, ਦੱਸਨਾ ਤੈਨੂੰ ਇਕ ਹੋਰ......ਇਹ ਕੱਜਲ ਹੈ ਤੇ ਬੜਾ ਸਵੱਲਾ ਗਿਆ ਏ ਪਰ ਜਿੰਨਾ ਸਵੱਲਾ ਹੋਇਆ ਏ ਨਾ, ਓਨਾ ਹੀ ਟਮਕਾਉਣ ਵਾਲੇ ਪਾਸੇ ਵਿਹਲ ਹੋ ਗਈ ਏ।"

"ਯਾਰ ਸਾਨੂੰ ਭੁੱਲ ਏ ਇਹਦੀ। ਸਾਰਾ ਦਿਨ ਅਸਾਂ ਸੜਕ ਉੱਤੇ ਈ ਵਗਣਾ ਹੁੰਦਾ ਏ। ਕੀ ਦੱਸਾਂ ਤੈਨੂੰ ਕੀ-ਕੀ ਤਮਾਸ਼ਾ ਵੇਖੀਦਾ ਏ ਇਹਨਾਂ ਦਾ। ਇੰਝ ਸਿੱਧੇ ਈ ਦੂਰੋਂ ਧੂਸ ਮਾਰੀ ਆਂਵਦੇ ਨੇ, ਜਿਵੇਂ ਅੱਖਾਂ ਤੇ ਅਸਲੋਂ ਘਰ ਈ ਰੱਖ ਆਏ ਹੋਣ। ਅੱਲਾ ਦੀ ਕਸਮੇਂ ਕਈ ਵੇਰੀਂ ਡੰਗਰ ਡਿੱਗਦਾ-ਡਿੱਗਦਾ ਆਪਣਾ ਆਪ ਸਾਂਭਦਾ ਏ ਤੇ ਕਈ ਵੇਰੀਂ ਤੇ ਸਾਂਭਿਆ ਵੀ ਨਹੀਂ ਸੋ ਜਾਂਦਾ। ਆਖ ਬਹਿਨੇਂ ਤੇ ਉਲਟੇ ਅੱਗੋਂ ਝਈਆਂ ਲੈ ਕੇ ਪੈਂਦੇ ਨੇ। "ਓ ਟਾਂਗੇ ਵਾਲੇ, ਸੜਕ ਤੇਰੇ ਬਾਪ ਦੀ ਹੈ, ਨਜ਼ਰ ਨਹੀਂ ਆਤਾ ਤੁਮ ਕੋ" ਕੰਨ ਲਵੇਟ ਛੱਡੀ ਦੇ ਨੇ ਅੱਗੋਂ, ਦੋ ਦਿਨ ਨਹੀਂ ਹੋਏ ਹੋਣੇ ਹਾਲੇ ਆਹ ਅਗਲੇ ਮੋੜ ਤੋਂ ਜੂ ਮੁੜਿਆ ਈ, ਇਕ ਤੇ ਸਿੱਧਾ ਘੋੜੇ ਦੇ ਫਰਾਂ ਵੱਲ ਨੂੰ। ਮਸਾਂ ਮਰ ਕੇ ਡੰਗਰ ਸਾਂਭਿਆ ਗਿਆ ਮੈਥੋਂ ! ਮੈਂ ਆਖਿਆ, ਸਾਹਿਬ ਦੇਖ ਕੇ। ਅੱਗੋਂ ਮੈਨੂੰ ਗੰਦ ਬਕਿਉ ਸੁ। ਮੇਰੇ ਤੇ ਭਾਂਬੜ ਬਲ ਪਿਆ ਇਕ ਵਾਰੀ। ਮੈਂ ਕਿਹਾ, 'ਖਲੋਅ ਬਦਨੀ ਦਿਆ। ਛਾਲ ਮਾਰ ਕੇ ਮੈਂ ਲੱਥਾ। ਖੜੱਪ ਖਾ ਕੇ ਛੂਟ ਲਾ ਗਿਆ ਅੱਗੋਂ। ਸਾਲਮ ਇੱਟ ਫੜ ਕੇ ਮੈਂ ਵਗਾਈ ਪਿਛੋਂ। ਜਾਈਂ ਨਾ, ਮੈਂ ਆਖਿਆ। ਇਕ ਵਾਰੀ ਆ ਜਾਂਦਾ ਨਾ ਤੇ, ਝੱਜਣਾ ਮੈਂ ਬੜਾ ਸੀ ਨਾਦੂ ਖਾਂ ਦੇ ਸਾਲੇ ਨੂੰ।" "ਇੰਝ ਈ ਨੇ ਸਾਰੇ।" ਕੋਡੂ ਨੇ ਹੁੰਗਾਰਾ ਦਿੱਤਾ।

"ਟਾਂਗਾ ਰੋਕੀਂ ਭਈ" ਮਗਰੋਂ ਵਾਜ ਆਈ।

ਅਹਿਮੇ ਟਾਂਗਾ ਖਲ੍ਹਾਰ ਲਿਆ। ਪਿਛਲੇ ਬੰਨਿਉਂ ਮੈਨੂੰ ਦੋ ਤੇ ਅਗਲੇ ਬੰਨਿਉਂ ਬਜਾਜੀ ਵਾਲਾ ਲਹਿ ਪਏ, ਅਹਿਮੇ ਮੇਰੇ ਵੱਲ ਵੇਖਿਆ। ਤੁਸਾਂ ਕਿੱਥੇ ਉਤਰਨਾ ਏ ਸਰਕਾਰ ?"

"ਖਟੀਕਾਂ ਦੇ ਮਹੱਲੇ ਉਤਾਰ ਦੇਵੀਂ ਯਾਰ।"

"ਥੋੜ੍ਹਾ ਈ ਏਥੋਂ ਖਟੀਕਾਂ ਦਾ ਮੁਹੱਲਾ" ਕੋਡੂ ਪਾਸਾ ਪਰਤਦਿਆਂ ਬੋਲਿਆ।

"ਤੁਸਾਂ ਵੀ ਉਥੇ ਈ ਉਤਰਨਾ ਏਂ ਜਾਂ ਅੱਗੇ ?" ਮੈਂ ਪੁੱਛਿਆ।

"ਅਗਾਂਹ ਦਰਿਆ ਤੇ।"

ਲਾਟੂ ਸੌਂ ਗਿਆ ਹੋਇਆ ਸੀ। ਕੋਡੂ ਨੇ ਉਹਨੂੰ ਆਪਣੇ ਪੱਟਾਂ ਤੇ ਕਰ ਲਿਆ। ਹੁਣ ਉਹ ਕੋਡੂ ਦੀ ਬਾਂਹ ਉੱਤੇ ਸਿਰ ਰੱਖੀ ਨਿੱਕੀਆਂ-ਨਿੱਕੀਆਂ ਘਰਾੜੀਆਂ ਪਿਆ ਮਾਰਦਾ ਸੀ।



"ਕੱਲ੍ਹ ਪਤਾ ਈ ਕੀ ਹੋਇਆ ਅਹਿਮਿਆਂ। 'ਇਕ ਬਾਹਸ਼ੇ ਜਿਹੇ ਗੱਡੀ ਵਾਲੇ ਲਾਟੂ ਦੇ ਚਾਟ ਨਾ ਮਾਰ ਕੱਢੀ। ਮੈਂ ਕੁਝ ਵਿੱਥ ਤੇ ਖਲੋਤਾ ਸਾਂ। ਰੋਣ ਦੀ ਵਾਜ ਸੁਣ ਕੇ ਮੈਂ ਨੱਸਿਆ ਆਇਆ। ਆਖੇ ਜੀ ਇਹ ਸ਼ੀਸ਼ਿਆਂ ਵਿਚੋਂ ਝਾਤੀਆਂ ਮਾਰਦਾ ਸੀ। ਨਾਲ ਇਕ ਨੂਤੀ ਜਿਹੀ ਬਹਾਈ ਸਾ ਸੂ। ਮੈਂ ਗਲਮਿਉਂ ਫੜ ਕੇ ਝੂਣੇ ਦਿੱਤੇ ਤੇ ਉਹਦਾ ਵੀ ਰੰਗ ਉੱਡ ਗਿਆ। ਉਹ ਤੇ ਚਲਾ ਗਿਆ ਗੱਡੀ ਲੈ ਕੇ। ਮੈਂ ਆ ਕੇ ਸੋਚੀਂ ਪਿਆ ਰਿਹਾ ਸਾਰੀ ਰਾਤ। ਅੱਜ ਵੀ ਸਾਰਾ ਦਿਨ ਸੋਚੀਂ ਪਿਆ ਰਿਹਾ। ਕੁਝ ਸਮਝ ਨਹੀਂ ਆਉਂਦੀ।" ਕੋਡੂ ਇਕ ਦਮ ਈ ਜਿਵੇਂ ਉਦਾਸਿਆ ਜਿਹਾ ਗਿਆ।

"ਵਣ-ਵਣ ਦੀ ਲੱਕੜੀ ਜੋ ਵੜੀ ਏ ਸੋਹਣਿਆਂ ਸਾਡੇ ਸ਼ਰਿਰ ਵਿਚ। ਅਸੀਂ ਤਾਂ ਹੋ ਗਏ ਆਂ ਪ੍ਰਦੇਸੀ। ਹੁਣ ਚੇਤੇ ਈ ਆਹ ਜਿਥੋਂ ਲੰਘਦੇ ਪਏ ਆਂ ਅਸੀਂ। ਕਦੀ ਏਥੇ ਟੋਏ ਟਿੱਬੇ ਤੇ ਕਲਰ ਈ ਹੁੰਦਾ ਸੀ। ਤੁਹਾਡੇ ਬਾਡਰੋਂ ਆਉਣ ਤੋਂ ਪਹਿਲਾਂ ਮੇਰਾ ਅੱਬਾ ਐਥੇ ਵਾਹੀ ਕਰਦਾ ਹੁੰਦਾ ਸੀ। ਫੇਰ ਅਸਾਂ ਛੱਡ ਦਿੱਤੀ ਤੇ ਦੂਜੇ ਬੰਨੇ ਟੁਰ ਗਏ ਦਰਿਆ ਤੇ। ਇਹ ਸਾਰਾ ਸਾਉਦੀ ਅਰਬ ਦਾ ਈ ਛੱਟਾ ਸਾਰਾ। ਲੱਖਾਂ ਕਰੋੜਾਂ ਲਾਇਆ ਈ ਅਗਲਿਆਂ ਇਹਨਾਂ ਤਾਬੂਤਾਂ ਜਿਹਾਂ ਤੇ। ਵੇਖਦਿਆਂ ਲੱਗਦਾ ਈ ਨਹੀਂ, ਪਈ ਬੰਦੇ ਰਹਿੰਦੇ ਹੋਸਣ ਇਹਨਾਂ ਵਿਚ। ਪਰ ਰਹਿੰਦੇ ਪਏ ਨੀ ਅਗਲੇ।"

"ਹੂੰਅ" ਕੋਡੂ ਕਿਤੋਂ ਦੂਰੋਂ ਹੀ ਬੋਲਿਆ। "ਉਹਨਾਂ ਕੋਲ ਵੀ ਦੋ ਹੱਥ ਸਨ, ਸਾਡੇ ਕੋਲ ਵੀ ਦੋ ਈ ਨੇ। ਅੱਗੋਂ ਸਾਡੇ ਬਾਲਾਂ ਕੋਲ ਵੀ ਇਹੋ ਦੋ ਹੱਥ। ਢਿੱਡ ਤੇ ਫੇਰ ਇਕ-ਇਕ ਨਾਲ ਕਈ-ਕਈ ਢਿੱਡ। ਲੱਪਾਂ ਨਾਲ ਖੂਹਾਂ ਕਿਹੜਾ ਭਰਿਆ ਜਾਣਾ ਹੁੰਦਾ ਏ। ਓੜਕ ਲੱਪਾਂ ਈ ਥੋੜੀਆਂ ਪੈਣਾ ਹੋਂਦਾ ਏ। ਕਿਉਂ ਜੀ ਬਾਵਾ ਜੀ ਤੁਸੀਂ ਪੜ੍ਹੇ ਲਿਖੇ ਬੰਦੇ ਓ। ਇੰਝ ਈ ਨਹੀਂ ?" ਉਹ ਮੈਨੂੰ ਪੁੱਛਣ ਲੱਗਾ।

ਮੈਂ ਉਹਦੀ ਗੱਲ ਸੁਣਦਾ ਸੁੱਤੇ ਹੋਏ ਲਾਟੂ ਨੂੰ ਪਿਆ ਵੇਖਦਾ ਸਾਂ। ਕਾਲੇ ਗੁਲਾਬ ਰੰਗ ਮੁੱਖੜੇ ਉੱਤੇ ਕੰਵਲ ਫੁੱਲ ਅੱਖਾਂ ਮੀਟੀਆਂ ਹੋਈਆਂ ਵੀ ਇੰਜ ਸਨ, ਜਿਵੇਂ ਕੁਝ ਵੇਖਦੀਆਂ ਪਈਆਂ ਹੋਸਣ, ਉਹ ਕੁਝ ਜੋ ਅਸੀਂ ਵੇਖਣ ਯੋਗ ਨਹੀਂ ਸਾਂ। ਉਹਦੇ ਹੋਠਾਂ ਉੱਤੇ ਇਕ ਨਵੇਕਲੀ ਜਿਹੀ ਮੁਸਕਾਣ ਪੰਘਰੀ ਹੋਈ ਸੀ। ਏਹੋ ਜੇਹੀ ਮੁਸਕਾਣ ਮੈਂ ਸ਼ਾਇਦ ਆਪਣੀ ਹਯਾਤੀ ਵਿਚ ਕਦੀ ਵੀ ਨਹੀਂ ਸੀ ਡਿੱਠੀ। —ਕੰਗਰੂ ਬੱਚਾ।"

ਕੋਡੂ ਨੂੰ ਆਪਣੀ ਗੱਲ ਦਾ ਕੋਈ ਜਵਾਬ ਨਾ ਮਿਲਿਆ ਤੇ ਉਹਨੇ ਮੇਰੇ ਵੱਲ ਵੇਖਿਆ। ਹੁਣ ਉਹਦਾ ਧਿਆਨ ਵੀ ਆਪਣੇ ਜਾਤਕ ਦੇ ਮੁੱਖੜੇ ਉੱਤੇ ਜਾ ਟਿਕਿਆ।

"ਲਓ ਜੀ ਆ ਗਿਆ ਏ ਖਟੀਕ ਮੁਹੱਲਾ।" ਅਹਿਮੇ ਨੇ ਘੋੜੇ ਦੀਆਂ ਵਾਗਾਂ ਖਿੱਚਦਿਆਂ ਆਖਿਆ।

ਮੈਂ ਛੇਤੀ ਨਾਲ ਥੱਲੇ ਲਹਿ ਕੇ ਉਹਨੂੰ ਭਾੜਾ ਦਿੱਤਾ ਤੇ ਫੇਰ ਉੱਚੀ ਸਾਰੀ **'ਅੱਲਾ ਬੇਲੀ'** ਆਖ ਕੇ ਉਥੋਂ ਟੁਰ ਪਿਆ।

(ਐਡੀਟਰ ਮਾਂ-ਬੋਲੀ ਲਾਹੌਰ)

## ਗ਼ਜ਼ਲ/ਸੁਰਿੰਦਰ ਸੋਹਲ

ਤਿੱਤਲੀ ਖੰਭੀ ਜਿਲਦ ਹੈ ਜਿਸ ਦੀ ਅੱਖਰ ਸੋਨ-ਸੁਨਹਿਰੇ ਨੇ,
ਉਸ ਪੁਸਤਕ ਦੇ ਸੋਲਾਂ ਤੋਂ 'ਠਾਰਾਂ ਤੱਕ ਪੰਨੇ ਸਾੜੇ ਨੇ।
ਮੇਰੇ ਘਰ ਵਿਚ ਮਹਿਕਾਂ, ਰਿਸ਼ਮਾਂ ਕਿੱਦਾਂ ਦੀ ਗੱਲ ਕਰਦੇ ਹੋ,
ਇਸ ਕੋਲੋਂ ਤਾਂ ਰਾਹੂ-ਕੇਤੂ ਅੱਖ ਬਚਾ ਕੇ ਲੰਘਦੇ ਨੇ।
ਪਿਆਸਾ ਬੱਦਲ, ਬੇਰੰਗ ਮੌਸਮ, ਰੋਂਦੀ ਪੌਣ ਤੇ ਜਲਦਾ ਫੁੱਲ,
ਆ ਦਿਲ ਆਪਣੇ ਘਰ ਲੈ ਚੱਲੀਏ, ਇਹ ਸਭ ਆਪਣੇ ਘਰ ਦੇ ਨੇ।
ਧੁੱਪ ਖਿੜੀ ਵਿਚ ਵੀ ਕੁੱਝ ਬੰਦੇ ਨੰਗੇ ਤਨ ਨਿਰਛੌਰੇ ਨੇ,
ਕੁੱਝ ਬੰਦੇ ਬਿਰਖਾਂ ਦੇ ਹੇਠ ਵੀ ਛਤਰੀ ਤਾਣ ਕੇ ਬੈਠੇ ਨੇ।
ਇਸ ਉਜੜੇ ਘਰ ਅੰਦਰ ਚੁੱਲ੍ਹਾ ਤੇ ਦੀਵੇ ਵੀ ਬਲਦੇ ਸਨ,
ਕਾਲੀ ਕੰਧ, ਧੁਆਂਖੇ ਆਲੇ ਅੱਜ ਵੀ ਸ਼ਾਹਦੀ ਭਰਦੇ ਨੇ।
ਕਲੀਆਂ ਕੋਲੋਂ ਖ਼ੁਸ਼ਬੂ ਖੋਂਹਦੇ, ਰੰਗਤ ਰਜਨੀਗੰਧਾ ਦੀ,
'ਸ਼ਾਈਲਾਕ' ਜਿਹੇ 'ਸ਼ੁੱਭਚਿੰਤਕ' ਅੱਜ ਕਲ੍ਹ ਮੌਸਮ ਆਏ ਨੇ।
ਏਸ ਗਰਾਂ ਦੇ ਲੋਕੀਂ ਪਲ-ਪਲ ਮਗਰੋਂ ਰੰਗ ਬਦਲਦੇ ਜਦ,
ਬਿਰਖਾਂ ਉੱਤੇ ਬੈਠੇ ਗਿਰਗਿਟ ਸਿਰ ਨੀਵਾਂ ਕਰ ਲੈਂਦੇ ਨੇ।

(ਸੰਗਲ-ਸੋਹਲ, ਜਲੰਧਰ)

## ਗ਼ਜ਼ਲ/ਜਸਵਿੰਦਰ ਮਾਨ

ਫਿਰ ਬਹਿ ਗਿਆਂ ਕਿਤਾਬ ਮੈਂ ਉਮਰਾਂ ਦੀ ਖੋਹਲ ਕੇ,
ਲਾਸਾਂ ਦੀ ਚੀਸ ਵੇਖਦਾਂ, ਲੀਕਾਂ ਟਟੋਲ ਕੇ।
ਜਿਹਨਾਂ ਲਈ ਖਾਮੋਸ ਮੈਂ ਉਮਰਾਂ ਤੋਂ ਜੀਅ ਰਿਹਾਂ,
ਅਹਿਸਾਨ ਕਰ ਰਹੇ ਨੇ ਉਹ ਮੇਰੇ ਨਾ, ਬੋਲ ਕੇ।
ਦੱਬੀਆਂ ਸੀ ਪਈਆਂ ਸਿਸਕੀਆਂ, ਬੀਤੇ ਦਿਹੋਂ ਦੀਆਂ,
ਤੱਕਿਆ ਜਾਂ ਧੁੱਖਦੀ ਸ਼ਾਮ ਦਾ ਮੈਂ ਦਿਲ ਫਰੋਲ ਕੇ।
ਮਿਲਿਆ ਬਿਨਾ ਖਾਮੋਸ਼ੀਆਂ ਕੁਝ ਵੀ ਨਹੀਂ ਕਦੇ,
ਚੀਕਾਂ ਦਾ ਜਦ ਮੈਂ ਵੇਖਿਆ, ਜੰਗਲ ਫਰੋਲ ਕੇ।
ਬਾਕੀ ਅਜੇ ਵੀ ਤੀਕ ਨੇ ਪੈਰਾਂ 'ਚ ਕਾਤਰਾਂ,
ਆ ਤਾਂ ਗਿਆ ਹਾਂ ਆਪਣਾ ਸਾਇਆ ਮਧੋਲ ਕੇ।
ਤੱਕਿਆ ਤਾਂ ਸੁੱਕੇ ਬਿਰਖ ਦੀ ਤਸਵੀਰ ਬਣ ਗਈ,
ਵਰਕੇ ਤੇ ਜਦ ਮੈਂ ਆਪਣੇ ਅੱਥਰੂ ਨੂੰ ਡੋਹਲ ਕੇ।

17 Hunter Street, Burton-on-Trent (U.K.)





## ਮੀਆਂ ਸਲੀਮ ਜਹਾਂਗੀਰ (ਪਾਕਿਸਤਾ

ਅੱਜ ਤੋਂ ਕੋਈ 26 ਸਾਲ ਪਹਿਲਾਂ ਗੁਰਦਵਾਰਿਆਂ ਦੀ ਯਾਤਰਾ ਦੇ ਪੱਜ, ਮੈਨੂੰ ਲਾਹੌਰ ਜਾਣ, ਤੇ ਉਥੋਂ ਦੇ ਸ਼ਾਇਰਾਂ, ਬੁੱਧੀਜੀਵੀਆਂ ਨੂੰ ਅਨਾਰ-ਕਲੀ ਬਾਜ਼ਾਰ ਦੇ ਸਿਰੇ ਤੇ ਬਣੇ ਪਾਕ-ਟੀ-ਹਾਊਸ ਵਿਚ ਮਿਲਣ ਦਾ ਮੌਕਾ ਮਿਲਿਆ ਸੀ। ਉਹਨਾਂ ਵਿਚ, ਸਲੀਮ ਜਹਾਂਗੀਰ, ਰਾਜਾ ਰਸਾਲੂ, ਸ਼ਫ਼ਕਤ ਤਨਵੀਰ ਮਿਰਜ਼ਾ ਤੇ ਕੁਝ ਹੋਰ ਪਾਕਿਸਤਾਨੀ ਮਿੱਤਰ ਸਨ। ਅੱਜ ਏਨੇ ਵਰ੍ਹਿਆਂ ਬਾਅਦ ਉਹਨਾਂ ਦੇ ਬੋਲ, ਚਿਹਰੇ ਤੇ ਨਾਂ ਵੀ ਭੁੱਲ ਚੁੱਕੇ ਹਨ। ਜਦੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਦਿੱਲੀ ਕਾਨਫਰੰਸ ਮਾਰਚ 92 ਵਿਚ ਹੋਈ ਤਾਂ ਕੁਝ ਪਾਕਿਸਤਾਨੀ ਪੰਜਾਬੀ ਲੇਖਕਾਂ ਨੂੰ ਮਿਲਣ ਦਾ ਮੁੜ ਸੁਭਾਗ ਪ੍ਰਾਪਤ ਹੋਇਆ ਚਿੱਠੀ-ਪੱਤਰ ਦਾ ਸਿਲਸਿਲਾ ਆਰੰਭ ਹੋਣ ਤੇ ਮੈਂ ਮਾਂ-ਬੋਲੀ ਦੇ ਸੰਪਾਦਕ ਨੂੰ 'ਮੀਆਂ ਸਲੀਮ ਜਹਾਗੀਰ' ਦੀ ਖ਼ੈਰ-ਖ਼ੈਰੀਅਤ ਪੁੱਛੀ ਤਾਂ ਉਸ ਲਿਖਿਆ ਕਿ ਉਹ ਤਾਂ ਚੜ੍ਹਾਈ ਕਰ ਚੁੱਕੇ ਹਨ, ਸਾਲ ਪਹਿਲਾਂ।

ਅਚਾਨਕ ਪਟਿਆਲਾ ਕਾਨਫਰੰਸ ਤੇ ਜਨਾਬ ਸਿਬਤੁਲ-ਹਸਨ-ਜ਼ੈਗਮ ਨਾਲ ਜਦੋਂ ਮੁਲਾਕਾਤ ਹੋਈ ਤਾਂ ਉਸ ਨੇ ਸਲੀਮ ਜਹਾਂਗੀਰ ਦੀ ਮੌਤ ਤੋਂ ਬਾਅਦ ਉਸ ਦੇ ਸਮੁੱਚੇ ਕਲਾਮ ਨੂੰ ਇਕ ਥਾਂ ਛਾਪਣ ਦੀ ਖ਼ਬਰ ਦੇ ਨਾਲ ਇਹ ਪੁਸਤਕ ਮੈਨੂੰ ਭੇਂਟ ਕੀਤੀ। ਇਸ ਦਾ ਨਾਂ ਹੈ, **'ਅੱਜ ਦੀ ਵਾਰ'**। ਇਹ ਨਜ਼ਮਾਂ ਏਸੇ ਪੁਸਤਕ 'ਚੋਂ ਲਈਆਂ ਗਈਆਂ ਹਨ।

ਸਲੀਮ ਕਿੱਤੇ ਵਜੋਂ ਵਕੀਲ ਸੀ ਤੇ ਮੇਰੇ ਜ਼ਿਲੇ ਕਪੂਰਥਲੇ ਦੇ ਬੇਟ ਦੇ ਪਿੰਡ ਧੰਮ-ਬੂਟ ਦਾ ਜੰਮ ਪਲ ਸੀ। ਉਹ ਸਮਾਜਵਾਦੀ ਵਿਚਾਰਧਾਰਾ ਨਾਲ ਪ੍ਰਤੀਬੱਧ ਸਿਆਸੀ ਸ਼ਾਇਰ ਸੀ ਜਿਸ ਨੂੰ ਮਾਰਸ਼ਲ-ਲਾਅ ਦੇ ਸਾਰੇ ਜਬਰ ਝੱਲਣੇ ਪਏ। ਪੰਜਾਬੀ ਜ਼ੁਬਾਨ ਦੇ ਵਿਕਾਸ ਲਈ ਕੰਮ ਕਰਨ ਵਾਲਿਆਂ ਵਿਚ ਵੀ ਉਹ ਮੋਢੀ ਸੀ। ਉਹ ਪੰਜਾਬ ਦੀ ਮਜ਼ਦੂਰ ਕਿਸਾਨ-ਪਾਰਟੀ ਦਾ ਉੱਘਾ ਆਗੂ ਸੀ, ਜਿਸ ਨੂੰ ਮੇਜਰ ਇਸਹਾਕ ਮੁਹੰਮਦ ਨਾਲ ਇੱਕਠਿਆਂ ਕੰਮ ਕਰਨ ਦਾ ਸ਼ਰਫ ਹਾਸਿਲ ਸੀ। ਸਲੀਮ ਨੇ ਵਿਦਿਆਰਥੀ ਜੀਵਨ ਤੋਂ ਹੀ ਆਪਣੀ ਜ਼ਿੰਦਗੀ ਲੋਕਾਂ ਦੇ ਸੰਘਰਸ਼ਾਂ ਨੂੰ ਅਰਪਿਤ ਕਰ ਦਿੱਤੀ ਸੀ। ਉਸ ਦੀ ਪੰਜਾਬੀ ਸ਼ਾਇਰੀ ਏਸੇ ਸੰਘਰਸ਼-ਮਈ ਜੀਵਨ ਦਾ ਪ੍ਰਗਟਾਵਾ ਹੈ —ਸੰਪਾਦਕ

### (1) ਸ਼ਹੀਦ ਭਗਤ ਸਿੰਘ

ਧਰਤੀ ਮਾਂ ਦਾ ਅੱਥਰਾ ਬਾਲਕ
ਪਹਿਲ ਜਵਾਨੀ
ਹੜ੍ਹ ਦਾ ਪਾਣੀ
ਨਾਲ ਸ਼ਰੀਕਾਂ ਆਢਾ
ਲਾਇਉਸ ਡਾਢਾ

ਆਪੂੰ ਲਿਖੀ, ਆਪੂੰ ਭੋਗੀ
ਉਮਰ ਆਪਣੀ ਬਾਲ ਕੇ ਸੇਕੀ
ਖੰਭ ਖਿਲਾਰ ਕੇ ਜਦ ਵੀ ਉੱਠਿਆ
ਪਟੜੀਓਂ ਰੇਲਾਂ ਲਾਹ,ਲਾਹ ਸੁੱਟੀਆਂ
ਬੰਗਲੇ ਵਾਸੀ ਨੀਂਦਾਂ ਲੁੱਟੀਆਂ
ਮੇਮਾਂ ਆਪਣੀਆਂ ਮੀਢੀਆਂ ਪੁੱਟੀਆਂ
ਮਾਂ ਦੀਆਂ ਰਾਤਾ ਦੇ
ਨਰੋਏ ਜਗਰਾਤੇ ਦੀ ਜੁੜਤੀ ਜੁੜਿਆ

ਲੋਰੀਆਂ ਦੇਂਦੇ ਦੁੱਖੀ ਸਾਹਵਾਂ ਦੀ
ਖ਼ੁਸ਼ਬੂ ਨਾਲ ਭੰਨਾ ।
ਵਾਹਕ ਪਿਓ ਦੇ ਵਗਦੇ ਹਲ ਦੀ
ਮੁੜ੍ਹਕੇ ਲਿਬੜੀ ਹੱਥੀ ਨੂੰ ਚੁੰਮਕੇ ਮੁੜ੍ਹਕਾ
ਬੋਲੀ ਪਾਲਣਾ
ਮਾਂ ਦਾ ਆਹਲਣਾ
ਤਾਂਬੇ ਰੰਗਾ ਜੱਟ ਦਾ ਜੁੱਸਾ
ਕੜੀਆਂ ਦੇ ਬੁੱਕ
ਜੇਲ੍ਹ ਦੇ ਫਾਟਕ
ਫਾਂਸੀ ਦਾ ਰੱਸਾ ਰੋਕ ਨਾ ਸਕਿਆ
ਟੋਕ ਨਾ ਸਕਿਆ

ਅਜੇ ਤੀਕਰ ਉਹ
ਮੁੜਦੀਆਂ ਸਰਕਾਰੀ ਡਾਕਾਂ ਵਿਚ
ਡਾਕੇ ਦਾ ਤਰਾਹ ਏ ।
ਅਜੇ ਤੀਕਰ ਉਹ
ਖੜਕਦੀਆਂ ਤਾਰਾਂ ਦੇ ਅੰਦਰੋਂ ਵੈਰੀ
ਤਾਈਂ ਬੁਲੇਂਦੀ ਲਲਕਾਰ
ਅਜੇ ਤੀਕਰ ਉਹ
'ਜਰਸ਼ੀ' ਭੈਣ ਦੇ ਸਿਰ ਦੀ ਚੁੰਨੀ
ਦਾ ਕੱਜ, ਤੇ ਬੰਦੂਕ ਦਾ ਚਿੱਤ ਏ ।
ਅਜੇ ਤੀਕਰ ਉਹ ਬੋਹਲ ਦੀ ਰਾਖੀ
ਬੁੱਢੀ ਮਾਂ 'ਬਖ਼ਤਾਵਰ' ਦੇ ਹੱਥ ਫੜੀ
ਡੰਗੋਰੀ ਦੀ ਮੀਂਹ ਸ਼ੁਕਰ ਏ



ਸ਼ਹਿਰ ਗਰਾਈਂ ਉਹ ਅੱਜ ਵੀ ਜਿਊਂਦਾ
ਜਾਈਂ ਜਾਈਂ ਉਹ ਅੱਜ ਵੀ ਜੀਂਉਂਦਾ
ਨਾਲ ਲੋਕਾਈ ਨਿਹੁੰ ਲਾਇਆਂ
ਕੋਈ ਮਤਦਾ ਏ ਝੱਲਿਓ ।
ਲੋਕ ਪ੍ਰੇਮ ਦੀ ਪੰਡ ਚਾਇਆਂ
ਕੋਈ ਮਰਦਾ ਏ ਝੱਲਿਓ ।

—o—

## ਮੈਂ ਲੱਧੀ ਆਂ

ਲਾਮ ਲੱਗੀ ਤਾਂ
ਸਾਹ ਦੇ ਆਵਣ ਜਾਵਣ ਦੇ ਨਾਲ
ਤੇਰੀਆਂ ਖ਼ੈਰਾਂ ਮੰਗੀਆਂ
ਲਾਮ ਲੱਗੀ ਤਾਂ
ਉੱਠਦਿਆਂ, ਬਹਿੰਦਿਆਂ, ਸੌ ਸੌ ਵਾਰੀ
ਤੈਨੂੰ ਬਖ਼ਸ਼ੀਆਂ ਬੱਤੀ ਧਾਰਾਂ ।
ਤੇਰੇ ਖ਼ੈਰੀਂ ਪਰਤ ਆਵਣ ਦੀ ਆਸ ਦੇ
ਰਾਤੀਂ ਉੱਠ-ਉੱਠ ਦੀਵੇ ਬਾਲੇ

ਲਾਮ ਲੱਗੀ ਤਾਂ
ਕੰਧਾਂ ਅੰਦਰ, ਕੰਨ ਦੇ ਦੇ ਕੇ
ਤੇਰੀਆਂ ਥਿੜਕਾਂ ਲਈਆਂ
ਪਰ ਮੈਂ ਅਵਗੁਣ, ਮੈਂ ਤੱਤੀ ਦੇ
ਇਹ ਗੱਲ ਚਿੱਤ ਨਾ ਚੇਤੇ
ਪੁੱਤਰ ਸ਼ਰੀਕਾਂ ਦੀ ਆਖਤ ਤੇ
ਮਾਂ ਦੀਆਂ ਧਾਰਾਂ ਗੰਦੀਆਂ ਕਰਸੀ ।
ਜਿਹੜੀ ਹਿੱਕ ਤੇ ਨਿੱਕੀ ਉਮਰੇ
ਲੋਰੀਆਂ ਲਈਆਂ
ਓਸੇ ਅੰਦਰ, ਆਪਣੇ ਹੱਥੀਂ
ਗੋਲੀਆਂ ਮਾਰ ਕੇ ਧੂੰਆਂ ਭਰਸੀ,

ਵੇ ਕੜਮਿਆਂ ਪੁੱਤਰਾ !
ਮੈਂ ਪੁੱਛਨੀਆਂ
ਮੱਤ ਅੱਜ ਤੇਰੀ ਝੁੰਅ ਕਿਉਂ ਗਈ ਏ
ਗ਼ੈਰਤ ਤੇਰੀ ਸੌਂ ਕਿਉਂ ਗਈ ਏ ।
ਪਰ ਹੋਣੀ ਜਦ ਵਰਤ ਗਈ ਏ

ਮੁੜ ਮੇਰਾ ਇਹ ਵਿਧਕਰਾ;
ਕਿਸ ਕਾਰੇ, ਕਿਸ ਲੇਖੇ ?
ਸਾਡੇ ਅੰਦਰ ਇਕ ਉਚੇਰੀ ਵੱਟ ਵੱਜ ਗਈ ਏ
ਵੈਰ ਦੀ
ਮੈਂ ਲੱਧੀ ਆਂ
ਨਾਲ ਸ਼ਰੀਕਾਂ, ਨਾਲ ਵੈਰੀਆਂ
ਨਵੀਂ ਲਾਮ ਦਾ ਹੋਕਾ ਈ ਮੇਰਾ
ਮੈਂ ਲੱਧੀ ਆਂ
ਸਾਂਦਲ ਦੇ ਵੰਝਲ ਦੀ ਪੱਗ ਨੂੰ
ਕਦੇ ਮੈਂ ਢਹਿਣ ਨਹੀਂ ਦੇਣਾ
ਮੈਂ ਲੱਧੀ ਆਂ
ਅੱਜ ਵੀ ਮੇਰੇ ਦੋਹੀਂ ਪਾਸੇ
ਸੌ ਪੁੱਤਰਾਂ ਦੇ ਸ਼ੂਕਾਂ ਮਾਰਦੇ ਢਾਣੇ
ਮੈਂ ਲੱਧੀ ਆਂ
ਜਿਸ ਨੇ ਕਦੇ ਵੀ ਦੁੱਲੇ, ਜਬਰੂ, ਮਿਰਜ਼ੇ
ਜੱਟ ਤੋਂ ਘੱਟ ਕਦੇ ਨਹੀਂ ਜੰਮਿਆਂ ।
ਮੈਂ ਲੱਧੀ ਆਂ
ਜਿਸ ਨੇ ਸਦਾ ਈ ਸੂਰਮੇ ਪੁੱਤਰ ਲਾੜਿਆਂ ਵਾਂਗੂ
ਬਣਾ, ਸ਼ਿੰਗਾਰ ਕੇ ਹੱਥੀਂ ਜੰਗ ਨੂੰ ਤੋਰੇ
ਮੈਂ ਲੱਧੀ ਆਂ
ਜਿਸ ਦੇ ਪੁੱਤਰਾਂ ਸੂਲੀਆਂ ਉੱਤੇ
ਪੀਂਘਾਂ ਝੂਟੀਆਂ
ਤੇ ਆਪ ਮੈਂ ਤਾੜੀ ਮਾਰੀ
ਮੈਂ ਲੱਧੀ ਆਂ
ਨਾਲ ਜ਼ਾਲਮਾਂ, ਨਵੀਂ ਲਾਮ ਦਾ ਹੋਕਾ ਮੇਰਾ
ਮੈਂ ਲੱਧੀ ਆਂ

ਲੱਧੀ :—ਦੁੱਲੇ ਭੱਟੀ ਦੀ ਮਾਂ

—o—

## ਅੱਜ ਵੀ

ਹੱਥਾਂ ਵਿਚ ਮਹਿੰਦੀ ਦੀਆਂ ਲਾਟਾਂ
ਅੱਖਾਂ ਵਿਚ ਯਾਦਾਂ ਦੀ ਧੂੜ
ਗੁੱਟ ਵਿਚ ਟੁੱਟੇ ਪਿਆਰ ਦਾ ਗਾਨਾ



ਪੈਰਾਂ ਵਿਚ ਗੀਤਾਂ ਦੀ ਝਾਂਜਰ
ਡੋਲੀ ਦੇ ਵੱਲ ਡੋਰੀ ਭੋਰੀ
ਹੌਲੀ ਹੌਲੀ ਪੈਰ ਵਧਾਂਦੀ
ਕੱਲੇ ਕੱਲੇ ਮੂੰਹ ਵੱਲ ਤੱਕਦੀ
ਝਕਦੀ
ਚੁੱਪ-ਚਪੀਤੀ, ਤੇ ਮੂੰਹ ਸੀਤੀ
ਨਾਲ ਦਲੀਲਾਂ ਮਨ ਪਰਚਾਂਦੀ
ਅੱਜ ਵੀ ਡੱਕੋਡੋਲੇ ਖਾਂਦੀ
ਮਾਂ ਦੀ ਹੀਰ,
ਪਹਿਲੇ ਰੁਕ ਗਈ ਤੇ ਫਿਰ ਬਹਿ ਗਈ
ਮੇਰੀ ਤੇ ਉਸ ਕੀਹ ਬਣਨਾ ਸੀ
ਆਪਣੀ ਵੀ ਨਾ ਰਹਿ ਗਈ;

ਇਹ ਗੱਲ ਆਖ ਕੇ ਅੱਜ ਵੀ ਰਾਂਝੇ
ਅੰਦਰੋ ਅੰਦਰੀ ਰੁੰਨੇ
ਬਾਂਹ ਤੇ ਉੱਚੀ ਕੱਢ ਨਾ ਸਕੇ
ਅੱਥੀਂ ਦੇਣ ਘਸੁੰਨੇ
ਮਿੱਠੇ ਸੇਕ ਸਵਾਦ ਦਾ ਦਿੱਤਾ,
ਜਿਹਨੇ ਖਿੱਲਾਂ ਵਾਂਗ ਨਾ ਭੁੰਨੇ ।

—o—

## ਯਕੀਨ

ਦਿਨ ਬੋਹੜੇ ਨੇ ਫਰਿਆਦਾਂ ਦੇ
ਇਹਨਾਂ ਜ਼ੁਲਮਾਂ ਦੀਆਂ ਮੁਨਿਆਦਾਂ ਏ

ਰੱਖ ਹਿੰਮਤ, ਹੌਸਲਾ ਹਾਰ ਨਹੀਂ
ਨਿੱਤ ਰਹਿਣਾ ਸਿਰ ਤੇ ਭਾਰ ਨਹੀਂ ।

ਤੂੰ ਮੀਂਹ ਏਂ ਕਾਲੀਆਂ ਡਾਂਗਾਂ ਦਾ
ਤੂੰ ਹੜ੍ਹ ਏਂ ਉੱਚੀਆਂ ਕਾਗਾਂ ਦਾ ।

ਤੇਰੀਆਂ ਅੱਖੀਆਂ ਵਿਚ ਕਰਾਮਾਤ ਏ
ਤੇਰੇ ਹੱਥਾਂ ਵਿਚ ਕਿਆਮਤ ਏ ।

—o—

## ਚੁਮਿਸਰਾ

ਫਰਕ ਸਾਡੇ ਤੇ ਇਹਨਾਂ ਵਿਚ ਸਿਰਫ ਏਨਾ, ਅਸੀਂ ਲੜਦੇ ਰਹੇ, ਇਹ ਲੁੱਟਦੇ ਰਹੇ ।
ਢਿੱਡ ਆਪਣਾ ਭਰਨ ਲਈ ਇਹ ਜ਼ਾਲਮ, ਸੰਘੀ ਸਦਾ ਗਰੀਬਾਂ ਦੀ ਘੁੱਟਦੇ ਰਹੇ ।
ਨਿੱਤ ਨਵੀਂ ਜਮਾਇਤ ਨਾਲ ਜੁੜ ਜਾਂਦੇ, ਨਿੱਤ ਪਹਿਲੀਆਂ ਦੇ ਨਾਲੋਂ ਇਹ ਟੁੱਟਦੇ ਰਹੇ ।
ਬੱਧੇ ਕਿੱਲੇ ਤੇ ਇਹ ਛਿਆਸੀਆਂ ਦੇ, ਛੂਕਾਂ ਮਾਰਦੇ ਰਹੇ, ਮਿੱਟੀ ਪੁੱਟਦੇ ਰਹੇ ।

—o—

## ਗ਼ਜ਼ਲ

ਕੁਝ ਬੋਲਣ ਤੇ ਕੁਝ ਕਾਹਣ ਦੀਆਂ,
ਇਹ ਰੁੱਤਾਂ ਨਾ ਚੁੱਪ ਰਹਿਣ ਦੀਆਂ।

ਰੱਖੇ ਭਰਮ ਉਹ ਆਪ ਵਿਛੋੜੇ ਦਾ,
ਜੀਹਨੂੰ ਤਾਂਘਾਂ ਨੇੜੇ ਬਹਿਣ ਦੀਆਂ।

ਹੋਣਾ ਹੰਝੂਆਂ ਨਾਲ ਗੁਜ਼ਾਰਾ ਨਾ,
ਛੱਡ ਵਾਦੀਆਂ ਦੁੱਖੜੇ ਸਹਿਣ ਦੀਆਂ।

ਕਹੇ ਫਜ਼ਰ ਦਾ ਤਾਰਾ ਸੁਤਿਆਂ ਨੂੰ,
ਤੁਹਾਨੂੰ ਸ਼ਾਮਾਂ ਰਾਹ ਵਿਚ ਪੈਣਗੀਆਂ।

ਚੰਨ ਚੜ੍ਹਿਆ ਗਿੱਧੇ ਖੜਕਣਗੇ,
ਜਦ ਧੁੱਪਾਂ ਸਿਰ ਤੋਂ ਲਹਿਣੀਆਂ।

ਅਜੇ ਕੱਖ ਗਲੀਆਂ ਦੇ ਸੜਦੇ ਨੇ,
ਕੱਲ੍ਹ ਉੱਚੀਆਂ ਕੰਧਾਂ ਢਹਿਣਗੀਆਂ।

—o—

## ਅਹਿਮਦ ਖਰਲ

ਪੁੱਤਰ ਆਏ ਮਾਰ ਕੇ ਢੋਲ
ਧਰਤੀ ਮਾਏ ! ਬੋਲ ਹੁਣ ਬੋਲ
ਆਪਣੀਆਂ ਬਾਹਾਂ, ਖੋਲ੍ਹ ਹੁਣ ਖੋਲ੍ਹ

ਧਰਤੀ ਮਾਏ !
ਆਪਣੇ ਦੁੱਧ ਦੇ ਸੇਕ 'ਚੋਂ
ਕੁਝ ਸੂਰਮੇਂ ਪੁੱਤਰ ਮੋੜ ਨਾ
ਮੈਨੂੰ ਖਾਲੀ ਹੱਥੀਂ ਮੋੜ ਨਾ

ਧਰਤੀ ਮਾਏ,
ਤੇਰਾ ਜੁੱਸਾ, ਕੰਡਿਆਂ ਦੇ ਨਾਲ ਪਰੁੱਤਾ
ਕੰਡੇ, ਫੁੱਲਾਂ ਦੀ ਬਹੁਕਰ ਨਾਲ ਹੂੰਝ ਨਾ
ਜ਼ਖਮਾਂ ਨੂੰ ਪਲਕਾਂ ਦੀ ਟਾਕੀ
ਨਾਲ ਪੂੰਝ ਨਾ।

—o—





## ਜੀਣ ਜੋਗੇ (ਕਵਿਤਾ)--ਮੁਸ਼ਤਾਕ ਸਿੰਘ

'ਜੀਣ ਜੋਗੇ', ਬਰਤਾਨੀਆਂ ਵਿਚ ਵਸਦੇ, ਜਾਣੇ ਪਛਾਣੇ ਲੇਖਕ ਮੁਸ਼ਤਾਕ ਦੀ ਪੰਜਵੀਂ ਕਾਵਿ ਪੁਸਤਕ ਹੈ ਜਿਸ ਵਿਚ ਉਸਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੰਕਲਿਤ ਕੀਤੀਆਂ ਮਿਲਦੀਆਂ ਹਨ। ਮੁਸ਼ਤਾਕ ਸਿੰਘ ਦਾ ਨਾਂ ਪ੍ਰਵਾਸੀ ਲੇਖਕਾਂ ਦੀ ਢਾਣੀ ਵਿਚੋਂ ਇਸ ਕਰਕੇ ਵਧੇਰੇ ਵਿਲੱਖਣ ਹੈ ਕਿਉਂਜੁ ਉਸਦਾ ਕਾਵਿ-ਕਰਮ ਇਕ ਨਿਸ਼ਚਿਤ ਅਤੇ ਗਤੀਸ਼ੀਲ ਵਿਚਾਰਧਾਰਾ ਦੇ ਆਧਾਰ ਉੱਪਰ ਉਸਰਿਆ ਹੋਇਆ ਹੈ। ਬਹੁਤੀ ਪੰਜਾਬੀ ਪ੍ਰਵਾਸੀ ਕਵਿਤਾ ਦੀਆਂ ਸੀਮਾਵਾਂ ਪ੍ਰਾਪਤ ਯਥਾਰਥ ਦੀ ਜਟਿਲ-ਸੂਝ ਅਤੇ ਬੁਨਿਆਦੀ ਨੁਕਤਿਆਂ ਦੀ ਕਾਰਜ-ਕਾਰਨ ਸੰਬਾਦੀ ਰਿਸ਼ਤਿਆਂ ਦੇ ਪ੍ਰਮਾਣਿਕ ਅਨੁਭਵ ਦੇ ਪੇਤਲੇਪਣ ਨਾਲ ਹੀ ਖਹਿ ਕੇ ਰਹਿ ਜਾਂਦੀਆਂ ਹਨ। ਅਜਿਹੀ ਕਵਿਤਾ ਵਿਚ ਨਸਲਵਾਦ, ਭੂ-ਹੇਰਵਾ ਅਤੇ ਪਹਿਚਾਣ ਦੇ ਗੁੰਮ ਹੋ ਜਾਣ ਦਾ 'ਰੁਦਨ' ਤਾਂ ਹੁੰਦਾ ਹੈ ਪਰੰਤੂ ਵਿਸ਼ਾਲ ਸਮਾਜਿਕ-ਸਭਿਆਚਾਰਕ ਪਰਿਪੇਖ ਵਿਚ ਕਲਾਤਮਿਕ ਤੌਰ 'ਤੇ ਉਹਨਾਂ ਦਾ ਕੋਈ ਬਹੁਤਾ ਮੁੱਲ ਨਹੀਂ ਰਹਿ ਜਾਂਦਾ। ਅਜਿਹੀਆਂ ਰਚਨਾਵਾਂ ਸਾਹਿਤਕ-ਸਭਿਆਚਾਰ ਦੀ ਪਰੰਪਰਾ ਵਿਚ ਵਾਧਾ ਤਾਂ ਕਰਦੀਆਂ ਹਨ, ਲੇਕਿਨ ਵਿਕਾਸ ਨਹੀਂ ਕਰਦੀਆਂ, ਏਸੇ ਲਈ 'ਦੂਹਰਾ' ਦਾ ਸ਼ਿਕਾਰ ਹੋ ਕੇ ਰਹਿ ਜਾਂਦੀਆਂ ਹਨ। ਇਸਦਾ ਸ਼ਾਇਦ ਇਕ ਕਾਰਨ ਇਹ ਵੀ ਹੈ ਕਿ ਸਾਡੇ ਪ੍ਰਵਾਸੀ ਲੇਖਕ ਪੂੰਜੀਵਾਦੀ ਪ੍ਰਵਿਰਤੀਆਂ ਦੀ ਚਕਾਚੌਂਧ ਕਾਰਨ ਹੀ ਚਰਚਾ ਦਾ ਵਿਸ਼ਾ ਬਣ ਜਾਣਾ ਲੋਚਦੇ ਹਨ।

ਅਜਿਹੀ ਸਥਿਤੀ ਵਿਚ ਮੁਸ਼ਤਾਕ ਵਰਗੇ ਲੇਖਕ ਜੇ ਵਿਕੱਲਪ ਬਣ ਕੇ ਉਤਰੇ ਹਨ ਤਾਂ ਇਹ ਸੰਤੋਖ ਵਾਲੀ ਗੱਲ ਹੀ ਕਹੀ ਜਾ ਸਕਦੀ ਹੈ। (ਸੰਗ੍ਰਹਿ ਵਿਚਲੀਆਂ ਕਾਵਿ-ਰਚਨਾਵਾਂ ਦੇ ਸਹਿਜ ਪਾਠ ਪਿੱਛੋਂ ਅਸੀਂ ਕਹਿ ਸਕਦੇ ਹਾਂ ਕਿ ਲੇਖਕ ਬਦੇਸ਼ੀ ਵੱਸੇ ਪ੍ਰਵਾ-ਸੀਆਂ ਨੂੰ ਜੀਣ ਜੋਗੇ ਗਰਦਾਨਦਾ ਹੈ ਜਿਹੜੇ (ਆਪਣੀ ਰੋਜ਼ੀ-ਰੋਟੀ ਦੀ ਤਲਾਸ਼ ਲਈ ਇਧਰਲੇ ਰੰਗਲੇ ਬੂਹਿਆਂ ਨੂੰ ਜੰਦਰੇ ਮਾਰ ਕੇ ਉਧਰ ਚਲੇ ਗਏ :

> ਪੀਲੀਆਂ ਇੱਟਾਂ, ਝਰੋਖੇ, ਬਾਰੀਆਂ
> ਰੰਗਲੇ ਬੂਹੇ ਨੂੰ ਜੰਦੇ ਵੱਜ ਗਏ !
> ਦੇ ਕੇ ਕੁੰਜੀਆਂ ਭਲੇਮਾਣਸ ਬੋਹੜ ਨੂੰ
> ਜੀਣ ਜੋਗੇ ! ਖੁਦ ਬਦੇਸ਼ੀਂ ਵੱਸ ਗਏ !

ਏਥੇ 'ਪੀਲੀਆਂ ਇੱਟਾਂ'' 'ਝਰੋਖੇ', 'ਬਾਰੀਆਂ', 'ਰੰਗਲੇ ਬੂਹੇ', 'ਜੰਦੇ', 'ਕੁੰਜੀਆਂ', 'ਭਲੇਮਾਣਸ ਬੋਹੜ', 'ਜੀਣ ਜੋਗੇ' ਪ੍ਰਤੀਕ ਬਣ ਕੇ ਉੱਭਰੇ ਹਨ ਜਿਹਨਾਂ ਨੇ ਕਾਵਿ-ਦਰਦ ਨੂੰ ਹੋਰ ਤਿੱਖਿਆਂ ਕੀਤਾ ਹੈ!

ਅਜੇਹੀਆਂ ਪੂੰਜੀਵਾਦੀ ਕੀਮਤਾਂ-ਕਦਰਾਂ ਨੇ ਮਾਨਵੀ ਸੁੱਚਤਾ ਦਾ ਕਤਲ ਕਰਕੇ ਮਨੁੱਖ ਨੂੰ 'ਪੈਸੇ ਦਾ ਪੁੱਤ' ਬਣਾ ਦਿੱਤਾ ਹੈ। 'ਦਿਲ ਦਾ ਰਾਹ' ਨੂੰ ਕੇਵਲ ਦਾਜ-ਦਹੇਜ,

ਗਹਿਣੇ-ਕੱਪੜੇ ਬਣ ਗਿਆ ਹੈ। ਨਿਤਾਪ੍ਰਤੀ ਬਦਲਦੇ ਦ੍ਰਿਸ਼ਟੀਕੋਣ ਨੇ ਮਨੁੱਖ ਵਿਚੋਂ ਵਾਸਤਵਿਕਤਾ ਦਾ ਹਨਨ ਕਰਕੇ, 'ਵਿਖਾਵੇ' ਦੀ ਰੁਚੀ ਨੂੰ ਵਧਾਇਆ ਹੈ। ਸਰਮਾਏਦਾਰੀ ਸਮਾਜ ਵਿਚ ਬਹੁਤ ਸਾਰੀਆਂ ਵਸਤਾਂ 'ਸਟੇਟਸ ਸਿੰਬਲ' ਹੀ ਬਣ ਗਈਆਂ ਹਨ। ਪਰੰਪਰਕ ਵਹਿਣਤਾ ਉਪਰ ਕਰਾਰੀ ਚਪੇੜ ਮਾਰੀ ਹੈ। ਇਥੇ 'ਖਾਨਦਾਨ' ਦੇ ਨਾਂ ਉੱਪਰ ਬਹੁਤ ਕੁੱਝ ਸਹਿਨ ਕਰਨਾ ਪੈਂਦਾ ਹੈ। ਔਰਤ ਨੂੰ ਪਤੀ, ਸੱਸ-ਸਹੁਰੇ, ਪੁੱਤਾਂ-ਪੜਪੋਤਿਆਂ ਅਤੇ ਦਫਤਰ ਵਿਚ 'ਸਾਹਿਬ ਦੀ ਅਧੀਨਗੀ ਸਵੀਕਾਰਨੀ ਪੈਂਦੀ ਹੈ। ਧੀ ਦੀ ਹੋਣੀ 'ਦਾਜ ਦੀ ਲਿਸਟ' ਤੱਕ ਸਿਮਟ ਕੇ ਰਹਿ ਗਈ ਹੈ।

ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਭਾਰਤ ਦੀ ਅਖੌਤੀ ਆਜ਼ਾਦੀ ਉੱਪਰ ਤਕੜਾ ਵਿਅੰਗ ਕਰਦੀਆਂ ਹਨ। ਹਰਨਾਕਸ਼ ਬਣਕੇ ਫਿਰਦੀ ਜਮਹੂਰੀਅਤ, ਖੂਨ ਦੀਆਂ ਨਦੀਆਂ ਨਹਾਉਂਦੀ, ਬਰਬਾਦੀਆਂ ਸੰਗ ਖੇਡਦੀ, ਬੱਸਾਂ-ਗੱਡੀਆਂ ਵਿਚ ਰੁਲਈਆਂ ਡਿਗ-ਰੀਆਂ ਦਾ ਮੂੰਹ ਚਿੜ੍ਹਾਉਂਦੀ ਆਜ਼ਾਦੀ ਦੇ ਜਸ਼ਨਾਂ ਨੂੰ ਕਵੀ 'ਝੂਠਾ ਸਬਕ' ਦਸਦਾ ਹੈ ;

ਚੁੱਪ ਕਰਕੇ ਜਸ਼ਨ ਮਨਾਂਦੇ ਹਾਂ !
ਸੜਕਾਂ 'ਤੇ ਸੁੱਤੇ ਲੋਕਾਂ ਨੂੰ
ਇਕ ਝੂਠਾ ਸਬਕ ਪੜ੍ਹਾਂਦੇ ਹਾਂ !

'ਦੋ ਖੰਬਿਆਂ ਵਿਚਕਾਰ ਟੰਗੀ ਲਾਸ਼' ਭਾਗ ਵਿਚ ਪੰਜਾਬ ਬਾਰੇ ਕਵਿਤਾਵਾਂ ਹਨ ਜਿਹਨਾਂ ਤੇ ਸਥਿਤੀ ਦੇ ਵਿਵੇਕ ਦੀ ਝਲਕ ਮਿਲਦੀ ਹੈ। ਪਿਛਲੇ ਦਿਨੀਂ ਪੰਜਾਬ ਵਿਚ ਜੋ ਕੁਝ ਵਾਪਰਿਆ ਹੈ, ਉਸ ਵਿਚ ਮਨੁੱਖਤਾ ਦਾ ਘਾਣ ਹੋਇਆ ਹੈ। ਲੇਖਕ ਨੂੰ ਘਰ ਪੁਲਸ ਦਾ ਡੇਰਾ ਜਾਪਦਾ ਹੈ, ਤ੍ਰਿਸ਼ੂਲ ਤੇ ਪੀਲੇ ਪਟਕਿਆਂ ਵਿਚਾਲੇ ਲੋਕ ਫਾਹੇ ਲਟਕੇ ਵਿਖਾਈ ਦੇਂਦੇ ਹਨ। ਸ਼ਾਮ ਨੂੰ ਘਰ ਪਰਤ ਆਉਣਾ ਜਾਂ ਅਖ਼ਬਾਰ ਦਾ ਬਿਨਾਂ ਕਿਸੇ ਵਾਰਦਾਤ ਤੇ ਛਪ ਜਾਣਾ ਕਰਾਮਾਤ ਹੀ ਜਾਪਦਾ ਹੈ। ਉਸਨੂੰ ਲਾਲ ਪੱਗਾਂ ਵਾਲੇ ਸਰਕਾਰੀ ਚੋਰ ਅਤੇ ਸ਼ਹੀਦੀ-ਗੁਰਦੁਆਰਿਆਂ ਲਈ ਜ਼ੋਰੀਂ ਦਾਨ ਮੰਗਦੇ ਇਕੋ ਜਿਹੇ ਹੀ ਜਾਪਦੇ ਹਨ। ਅਜਿਹੀ ਸਥਿਤੀ ਵੇਖ ਕੇ ਜੇ ਕੋਈ ਮਾਂ ਸਿਵਿਆਂ 'ਚ ਖੜ ਕੇ ਦਿੱਲੀ ਦਾ ਨਾਂ ਲੈ ਕੇ ਅਤੇ ਫੇਰ ਹਰਿਮੰਦਰ ਵੱਲ ਮੂੰਹ ਕਰਕੇ ਚੀਕਾਂ ਮਾਰਦੀ ਹੈ ਤਾਂ ਲੇਖਕ ਦੀ ਵਿਚਾਰਧਾਰਕ ਪ੍ਰਤਿਬੱਧਤਾ ਦਾ ਪ੍ਰਤੱਖਣ ਹੀ ਹੁੰਦੀ ਹੈ। ਪਰੰਤੂ ਸ਼ਾਇਰ ਆਸਥਾ ਦਾ ਸ਼ਾਇਰ ਹੈ। ਉਸਨੂੰ 'ਇਕ ਨਵੇਂ ਸੂਰਜ' ਦੇ ਆਉਣ ਦੀ ਉਮੀਦ ਹੈ ਜਿਹੜਾ ਚਾਂਦੀ ਰੰਗੀ ਧੁੱਪ ਲੈ ਕੇ ਆਵੇਗਾ। ਆਪਣਾ ਇਤਿਹਾਸਕ ਰੋਲ ਨਿਭਾਉਂਦਿਆਂ ਕਈ ਲੋਕਾਂ ਨੂੰ ਘੁਰਨਿਆਂ ਤੋਂ ਬਾਹਰ ਆਉਣ ਦੀ ਪ੍ਰੇਰਣਾ ਦਿੰਦਾ ਹੈ, ਸਭਿਆਚਾਰ ਦਾ ਨਾਹਰਾ ਬੁਲੰਦ ਕਰਦਿਆਂ ਕਹਿੰਦਾ ਹੈ ;

ਟੋਪੀ ਤੇ ਪੱਗ ਹੇਠਾਂ ਜੋ ਸਿਰ ਹੈ, ਸਿਰਾਂ 'ਚ ਅਕਲ
ਸੋਚੋ ! ਕਦੇ ਨਾ ਟੁੱਟਣਾ, ਨੌਹਾਂ ਤੋਂ ਮਾਸ ਹੈ।
...ਕਾਮੇ ਤੇ ਮਜਦੂਰਾਂ ਮਿਲ
ਲੈਣਾ ਇਕ ਦਿਨ ਲਹਿਣਾ ਹੈ।



ਪ੍ਰਵਾਸੀ ਜੀਵਨ ਸ਼ਾਇਰ ਲਈ ਕਬਰ ਤੋਂ ਕਬਰ ਤਕ ਦਾ ਸਫ਼ਰ ਹੀ ਬਣ ਕੇ ਰਹਿ ਗਿਆ ਹੈ। ਉਸ਼ਨੂੰ ਆਪਣਾ ਹੀ ਸਿਰਨਾਵਾਂ ਭੁੱਲ ਗਿਆ ਅਤੇ ਚਿਹਰਿਆਂ ਉੱਪਰ ਉੱਗ ਆਏ ਨਵੇਂ ਇਕਲਾਪਿਆਂ ਦਾ ਦਰਦ ਹੈ। ਪਿਆਰ ਕਵਿਤਾਵਾਂ ਰਾਹੀਂ ਲੇਖਕ ਦਾ ਕੋਮਲ ਹਿਰਦਾ ਧਕ ਧਕ ਕਰਦਾ ਹੈ। ਉਸਦੀਆਂ ਗਜ਼ਲਾਂ ਵੱਖਰੀ ਚਰਚਾਂ ਦੀ ਮੰਗ ਕਰਦੀਆਂ ਹਨ ਜਿਹਨਾਂ ਵਿਚ ਪ੍ਰਯੋਗ ਅਤੇ ਪ੍ਰਗਤੀ ਦਾ ਸੁਮੇਲ ਹੈ।

ਸੂਤਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਮੁਸ਼ਤਾਕ ਦੇ ਕਾਵਿ-ਸੰਗ੍ਰਹਿ 'ਜੀਣ ਜੋਗੇ' ਨੇ ਮਾਨਵੀ-ਸੰਵੇਦਨਾ ਦੀ ਅਨੁਭੂਤੀ ਨਵੇਂ ਕਾਵਿ-ਮੁਹਾਵਰੇ ਸਿਰਜ ਕੇ ਕੀਤੀ ਹੈ। ਇਸ ਨਵੇਂ ਕਾਵਿ-ਮੁਹਾਵਰੇ ਵਿਚ ਮਾਨਵਵਾਦੀ ਕਦਰਾਂ-ਕੀਮਤਾਂ ਦੀ ਪਹਿਚਾਣ ਕਲਾਤਮਕ ਪੱਧਰ ਉੱਪਰ ਕੀਤੀ ਗਈ ਹੈ। ਅਜੋਕੀ ਪੰਜਾਬੀ ਕਵਿਤਾ ਵਿਚ ਇਹ ਮੁੱਲਵਾਨ ਵਾਧਾ ਕਰਦੀ ਹੈ।

—ਡਾ: ਜੋਗਿੰਦਰ ਨਿਰਾਲਾ

## 'ਜਲਾਵਤਨ ਰੁੱਤ ਪਰਤੇਗੀ'—ਮਹਿੰਦਰ ਸਾਥੀ

' ਜਲਾਵਤਨ ਰੁੱਤ ਪਰਤੇਗੀ'' ਮਹਿੰਦਰ ਸਾਥੀ ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਇਸ ਵਿਚ 20 ਨਜ਼ਮਾਂ, 20 ਗ਼ਜ਼ਲਾਂ ਅਤੇ 16 ਰੁਬਾਈਆਂ ਸ਼ਾਮਲ ਹਨ। ਇਸ ਸੰਗ੍ਰਿਹ ਦਾ ਵਸਤੂ ਪ੍ਰਮੁੱਖ ਰੂਪ ਵਿਚ ਪੰਜਾਬ ਦੁੱਖਾਂਤ (1982-92) ਬਣਦਾ ਹੈ। ਇਸ ਦੁੱਖਾਂਤ ਦੇ ਕੁਪ੍ਰਭਾਵਾਂ ਨੂੰ ਚਿਤ੍ਰਣ ਲਈ ਕਵੀ ਵੱਖ-ਵੱਖ ਵਿਧੀਆਂ ਅਪਣਾਉਂਦਾ ਹੈ। ਕਦੇ ਉਹ ਧਾਰਮਿਕ ਜਨੂੰਨੀਆਂ, ਦੰਭੀਆਂ, ਫਿਰਕਾਪ੍ਰਸਤਾਂ ਅਤੇ ਦਹਿਸ਼ਤਗਰਦਾਂ ਨਾਲ ਸੰਵਾਦ ਰਚਾਉਂਦਾ ਹੈ, ਕਦੇ ਪੰਜਾਬੀਆਂ ਦੇ ਸ਼ਾਨਾਮੱਤੇ ਵਿਰਸੇ ਨੂੰ ਯਾਦ ਕਰਦਾ ਹੈ ਅਤੇ ਕਦੇ ਤਰਕ ਸੰਗਤ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਉਹ ਵੱਖਵਾਦੀ ਦਹਿਸ਼ਤਗਰਦਾਂ ਦੇ ਕੁਕਰਮਾਂ ਨੂੰ ਉਘਾੜਕੇ ਪੇਸ਼ ਕਰਦਾ ਹੈ। ਦਹਿਸ਼ਗਰਦਾਂ ਨੂੰ ਘ੍ਰਿਣਤ ਇਤਿਹਾਸਕ ਵਿਅਕਤੀਆਂ ਨਾਲ ਤੁਲਨਾਉਂਦਾ ਹੈ : ਜਿਵੇਂ ਜੈ ਚੰਦ, ਪਹਾੜਾ ਸਿੰਘ, ਤੇਜਾ ਸਿੰਘ, ਲਾਲ ਸਿੰਘ, ਹਿਟਲਰ, ਆਦਿ ਅਤੇ ਉਹਨਾਂ ਲਈ ਨਫ਼ਰਤ ਉਪਜਾਉਂਦੇ ਚਿੰਨ੍ਹਾਂ-ਪ੍ਰਤੀਕਾਂ ਦੀ ਵਰਤੋਂ ਕਰਦਾ ਹੈ : ਜਿਵੇਂ ਵਹਿਸ਼ੀ, ਨਾਗ ਆਦਿ। ਫਿਰਕੂ ਜਨੂੰਨੀਆਂ, ਦੰਭੀਆਂ ਅਤੇ ਬੁਨਿਆਦ-ਪ੍ਰਸਤਾਂ ਵਿਰੁੱਧ ਲੜਨ ਲਈ ਕਵੀ ਪੰਜਾਬੀਆਂ ਦੇ ਸ਼ਾਨਦਾਰ ਵਿਰਸੇ ਨੂੰ ਯਾਦ ਕਰਦਾ ਹੈ, ਆਪਣੇ ਅਤੀਤ ਦੇ ਜੀਵੰਤ ਭਾਗਾਂ ਨੂੰ ਭਰਪੂਰ ਪ੍ਰਸ਼ੰਸਾ ਦ੍ਰਿਸ਼ਟੀ ਨਾਲ ਵੇਖਦਾ ਅਤੇ ਪ੍ਰਸਤੁਤ ਕਰਦਾ ਹੈ। ਇਸ ਲਈ ਗੁਰੂ ਨਾਨਕ, ਭਗਤ ਸਿੰਘ. ਰਵਿੰਦਰ ਰਵੀ, ਜੱਗਾ, ਦੁੱਲਾ ਅਤੇ ਜਿਉਣੇ ਮੌੜ ਨੂੰ ਯਾਦ ਕਰਦਾ ਹੈ। ਆਪਣੀ ਗੱਲ ਕਹਿਣ ਲਈ ਉਹ ਪੰਜਾਬੀ ਨਾਇਕਾਂ ਤੋਂ ਛੁੱਟ ਭਾਰਤੀ ਅਤੇ ਅੰਤਰਰਾਸ਼ਟਰੀ ਨਾਇਕਾਂ ਤੋਂ ਵੀ ਪ੍ਰੇਰਨਾ ਗ੍ਰਹਿਣ ਕਰਦਾ ਹੈ। ਇਹ ਸਾਰਾ ਕੁਝ ਹੀ ਸਲਾਹੁਣਯੋਗ ਹੈ। ਪਰ ਇਸ ਘੋਰ ਸੰਤਾਪ ਨੂੰ ਪੈਦਾ ਕਰਨ ਵਾਲੀਆਂ ਵਿਚੋਂ ਪ੍ਰਮੁੱਖ—ਕੇਂਦਰੀ ਸਰਕਾਰ ਨੂੰ ਉਸ ਦੀਆਂ ਕੁਟਲ ਚਾਲਾਂ ਸਮੇਤ ਪੂਰੀ ਤਰ੍ਹਾਂ ਨੰਗਿਆਂ ਨਾ ਕਰਨਾ—ਠੀਕ ਪ੍ਰਤੀਤ ਨਹੀਂ ਹੁੰਦਾ। ਇਸ ਦੁੱਖਾਂਤ ਲਈ ਜ਼ੁੰਮੇਵਾਰ ਸਾਮਰਾਜ, ਪਾਕਿਸਤਾਨ, ਧਾਰਮਿਕ ਜਨੂੰਨੀਆਂ ਅਤੇ ਵੱਖਵਾਦੀ-ਦਹਿਸ਼ਤਗਰਦਾਂ ਪ੍ਰਤੀ ਲੇਖਕ ਸਹੀ

ਰੂਪ ਵਿਚ ਕਰੜੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਪਰ ਕੇਂਦਰੀ ਹਾਕਮਾਂ ਨੂੰ ਵੀ ਇਸ ਤੋਂ ਵੀ ਗੂੜ੍ਹੇ, ਕਾਲੇ ਰੰਗ ਵਿਚ ਪੇਸ਼ ਕਰਨਾ ਪੇਸ਼ ਯਥਾਰਥ ਅਨੁਕੂਲ ਹੋਣਾ ਸੀ। ਇਸੇ ਤਰ੍ਹਾਂ ਘੋਰ ਦੁੱਖਾਂਤ ਵਿਚ ਕਵੀ ਦਾ ਆਸ਼ਾਵਾਦ ਤਾਂ ਸਲਾਹੁਣਯੋਗ ਹੈ, "ਜਲਾਵਤਨ ਹੋਈ ਹੈ ਜਿਹੜੀ ਰੁੱਤ ਯਾਰੋ ਪਰਤ ਆਵੇਗੀ' ਠੀਕ ਹੈ—ਪਰ ਕਿਵੇਂ? ਇਹ ਆਸ਼ਾਵਾਦ ਹਕੀਕਤ ਦਾ ਰੂਪ ਕਿਵੇਂ ਗ੍ਰਹਿਣ ਕਰੇਗਾ? ਸਥਾਈ ਸ਼ਾਂਤੀ ਅਤੇ ਤੇਜ਼ ਵਿਕਾਸ ਲਈ ਕੀ ਕੀਤਾ ਜਾਵੇ? ਕਵੀ ਨੂੰ ਸਾਡੀ ਅਗਵਾਈ ਕਰਨੀ ਚਾਹੀਦੀ ਸੀ।

ਕਵਿਤਾ ਜਮਾਤੀ ਸੰਘਰਸ਼ ਵਿਚ ਇਕ ਹਥਿਆਰ ਜਾਂ ਢਾਲ ਹੁੰਦੀ ਹੈ। ਇਹ ਹਮੇਸ਼ਾਂ ਕਿਸੇ ਦੇ ਹੱਕ ਜਾਂ ਵਿਰੋਧ ਵਿਚ ਹੁੰਦੀ ਹੈ। ਨਿਰਪੇਖ ਨਿਰਲੇਪ ਕੁਝ ਵੀ ਨਹੀਂ ਹੁੰਦਾ। ਮਹਿੰਦਰ ਸਾਥੀ ਵੀ ਇਕ ਪ੍ਰਸ਼ਨ ਕਰਦਾ ਹੈ:

ਸ਼ੁਗਲ ਹੋਵੇ ਕਵਿਤਾ ਕਿ ਹਥਿਆਰ ਹੋਵੇ। (ਪੰਨਾ 53) ਇਸ ਦੇ ਉੱਤਰ ਵਿਚ ਉਹ ਆਪਨੀ ਕਾਵਿ-ਸਮਝ, ਸ਼ਾਇਰੀ ਜਾਂ ਕਾਵਿ-ਵਿਧਾਨ ਬਾਰੇ ਤਿੱਖੇ ਸ਼ਬਦਾਂ ਵਿਚ ਸਪੱਸ਼ਟ ਕਰਦਾ ਹੈ:

ਜਿਨ੍ਹਾਂ ਪੰਜਾਬ ਵਿਚ ਰਹਿ ਵੀ ਨਾ ਪੰਜਾਬ ਦਾ ਦੁੱਖ ਪੋਹਿਆ,
ਐ! 'ਸਾਥੀ' ਸਿਰ ਸਵਾਹ ਪਾ ਇਸ ਤਰ੍ਹਾਂ ਦੇ ਕਲਮ ਕਾਰਾਂ ਦੇ।

ਨਹੀਂ ਜ਼ਿਹਨੀ ਅੱਯਾਸ਼ਾਂ ਨੂੰ ਕਦੀ ਵੀ ਇਹ ਪਸੰਦ ਆਉਣੀ,
ਐ! "ਸਾਥੀ" ਲੋਕਾਂ ਦੇ ਗ਼ਮ ਦੀ, ਇਹ ਲੋਕਾਂ ਦੇ ਕਵੀ ਦੀ ਗੱਲ।

ਜੋ ਗੱਲ ਗੁਲਦਾਉਦੀਆਂ ਦੀ ਕਰਦੇ ਨੇ ਹਾਹਾਕਾਰ ਦੀ ਰੁੱਤੇ,
ਐ! 'ਸਾਥੀ' ਭੰਡ ਨੇ, ਖੁਸਰੇ ਨੇ, ਉਹ, ਉਹ ਨੇ ਕਵੀ ਕਿੱਥੇ?

ਰੋਮ ਵਾਂਗੂ ਜਲ ਰਿਹਾ ਹੈ ਦੋਸਤਾਂ ਆਪਨਾ ਪੰਜਾਬ,
ਤੇ ਤੂੰ ਹੁਸਨੋ-ਇਸ਼ਕ ਦੀ ਏਂ ਬੰਸਰੀ ਡਹਿਆਂ ਵਜਾਉਣ।

ਤੁਸੀਂ ਜ਼ੁਲਫ਼ਾਂ ਦੀ ਕਰਦੇ ਹੋ, ਅਸੀਂ ਜ਼ਾਲਮਾਂ ਦੀ ਕਰਦੇ ਹਾਂ,
ਤਜਰਬੇ ਆਪਨੇ ਆਪਨੇ, ਆਪਨੀ ਆਪਨੀ ਵਾਕਫ਼ੀ ਦੀ ਗੱਲ।

ਇਸ ਤਰ੍ਹਾਂ ਉਹ ਸਾਫ਼ ਅਤੇ ਸਪੱਸ਼ਟ ਗੱਲ ਕਰਨ ਦੇ ਹੱਕ ਵਿਚ ਹੈ। ਅਰਥ ਸੰਚਾਰ ਦੀ ਦ੍ਰਿਸ਼ਟੀ ਤੋਂ ਇਹ ਠੀਕ ਹੈ ਪਰੰਤੂ ਇਹ ਪਹੁੰਚ ਕਈ ਵਾਰ ਕਵਿਤਾ ਸਾਹਿਤ ਨੂੰ ਪ੍ਰਚਾਰ ਦੇ ਨੇੜੇ ਲੈ ਜਾਂਦੀ ਹੈ। ਸਾਹਿਤ ਅਤੇ ਪ੍ਰਚਾਰ/ਭਾਸ਼ਨ ਵਿਖਿਆਨ ਦਾ ਉਦੇਸ਼ ਲਾਜ਼ਮੀ ਅਤੇ ਨਿਸਚਿਤ ਹੁੰਦਾ ਹੈ। ਐਪਰ ਦੋਵਾਂ ਦੀ ਵਿਧੀ ਵੱਖ-ਵੱਖ ਹੈ। ਇਸ ਲਈ ਆਪਨੀ ਗੱਲ ਦੇ ਚਿਰ ਸਥਾਈ ਪ੍ਰਭਾਵ ਲਈ ਪ੍ਰਚਾਰ ਅਤੇ ਕਵਿਤਾ ਵਿਚ ਕੁਝ ਨਿਖੇੜਾ ਕਰਨਾ ਜ਼ਰੂਰੀ ਹੈ। ਆਸ ਕੀਤੀ ਜਾ ਸਕਦੀ ਹੈ ਕਿ ਮਹਿੰਦਰ ਸਾਥੀ ਲੋਕਾਂ ਪ੍ਰਤੀ ਆਪਨੀ ਵਚਨ-ਬੱਧਤਾ ਦੇ ਨਾਲ-ਨਾਲ ਕਾਵਿਕ ਪ੍ਰਤੀਬੱਧਤਾ ਪ੍ਰਤੀ ਵੀ ਸੁਹਿਰਦ ਯਤਨ ਜਾਰੀ ਰੱਖੇਗਾ।

ਅਨੂਪ ਸਿੰਘ (ਡਾ:)
142, ਅਰਬਨ ਅਸਟੇਟ ਬਟਾਲਾ-14355



## ਆਉਂਦੇ ਦਿਨੀਂ ਅਤੇ ਸਿੰਘ

ਜਦੋਂ ਬੀਤਿਆ ਸਲਾਹੁਣਯੋਗ ਨਾ ਰਹਿ ਜਾਵੇ, ਜਦੋਂ ਵਰਤਮਾਨ ਸਹਿਣਯੋਗ ਨਾ ਰਹਿ ਜਾਵੇ, ਉਦੋਂ ਭਵਿੱਖ ਨੂੰ ਸੰਭਾਲਯੋਗ ਬਣਾਉਣਾ ਹੋਰ ਵੀ ਲਾਜ਼ਮੀ ਹੋ ਜਾਂਦਾ। ਸਾਡੀ ਧਰਤੀ ਤੇ ਬੀਤੇ ਦਿਨੀਂ ਜੋ ਕੁਝ ਵਾਪਰਿਆ ਉਹ ਸਹਾਰਨਾ ਜਿੰਨਾ ਔਖਾ ਸੀ, ਓਨਾ ਹੀ ਔਖਾ ਇਹ ਮੰਨਣਾ ਸੀ ਕਿ ਇਸ ਦੀਆਂ ਜੜ੍ਹਾਂ ਬੀਤੇ ਵਿਚ ਵੀ ਹੋ ਸਕਦੀਆਂ ਹਨ। ਬੀਤੇ ਅਤੇ ਵਾਪਰੇ ਤੋਂ ਮੁਨਕਰ ਹੋਣਾ ਵੀ ਔਖਾ, ਬਚਣਾ ਵੀ ਔਖਾ। ਇਸ ਸੋਚ ਨੂੰ ਸਵੀਕਾਰ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ। ਪਰ ਜਦੋਂ ਸਭ ਇਸ ਸੱਚ ਨੂੰ ਸਵੀਕਾਰ ਕਰਨ ਤੱਕ ਸੀਮਿਤ ਹੋ ਜਾਂਦੇ ਨੇ, ਉਦੋਂ ਕਿਤੇ ਕੋਈ ਇਹਨਾਂ ਵਿਚੋਂ ਵਧੇਰੇ ਸੰਵੇਦਨਸ਼ੀਲ ਇਸ ਸੋਚ ਨੂੰ ਸਵੀਕਾਰ ਕਰਨ ਤੋਂ ਅੱਗੇ ਵੀ ਜਾਂਦਾ ਹੈ ਅਤੇ ਆਉਂਦੇ ਦਿਨਾਂ ਸੰਭਾਵਨਾਵਾਂ ਨੂੰ ਸਾਕਾਰ ਕਰਦਾ ਹੈ। ਸੁਰਜੀਤ ਜੱਜ ਵੀ ਅਜਿਹਾ ਸੰਵੇਦਨਸ਼ੀਲ ਸ਼ਾਇਰ ਹੈ ਜਿਹੜਾ ਬੀਤੇ 'ਤੇ ਝੂਰਨ, ਅਤੇ ਵਰਤਮਾਨ ਤੇ ਸ਼ਿਕਵਾ ਕਰਨ ਦੀ ਬਜਾਇ ਆਉਂਦੇ ਵਕਤ ਨੂੰ ਮਨੁੱਖ ਲਈ ਆਸ ਦਾ ਚਿੰਨ੍ਹ ਬਣਾਉਣ ਦਾ ਕਲਾਤਮਕ ਉਪਰਾਲਾ ਆਪਨੀ ਨਵੀਂ ਪੁਸਤਕ **ਆਉਂਦੇ ਦਿਨੀਂ** ਵਿਚ ਕਰਦਾ ਹੈ।

ਸੁਰਜੀਤ ਜੱਜ ਦਾ ਗ਼ਜ਼ਲ-ਸੰਗ੍ਰਹਿ **ਆਉਂਦੇ ਦਿਨੀਂ** ਆਉਣ ਵਾਲੇ ਸਮੇਂ ਨੂੰ ਸੁਪਨੇ ਦੀ ਥਾਂ ਯਥਾਰਤ ਦੇ ਰੂਪ ਵਿਚ ਪ੍ਰਤਿਬਿੰਬਤ ਕਰਦਾ ਹੈ। ਸੰਭਾਵਿਤ ਨੂੰ ਯਥਾਰਥਕ ਰੂਪ ਦੇਣ ਲਈ ਤਰਕਪੂਰਨ ਅਧਾਰ ਅਤੇ ਕਾਵਿਕ-ਸੱਚ ਦੀ ਲੋੜ ਹੁੰਦੀ ਹੈ। ਸੁਰਜੀਤ ਜੱਜ ਬੀਤੇ ਸਮੇਂ ਅਤੇ ਹੁਣ ਦਾ ਸਮੇਂ ਦਾ ਪੂਰਾ ਲੇਖਾ-ਜੋਖਾ ਕਰਕੇ ਹੀ ਆਉਣ ਵਾਲੇ ਸਮੇਂ ਦਾ ਯਥਾਰਥ ਰੂਪਾਂਤਰਣ ਕਰਨ ਦੇ ਸਮਰੱਥ ਹੋਇਆ ਹੈ। ਦਲੀਲ, ਯਕੀਨ ਤੇ ਉਮੀਦ ਸੁਰਜੀਤ ਜੱਜ ਦੇ ਇਸ ਗ਼ਜ਼ਲ-ਸੰਗ੍ਰਹਿ ਦੀ ਪ੍ਰਮੁੱਖ ਪਛਾਣ ਬਣਦੇ ਹਨ।

ਬੜਾ ਹੀ ਖ਼ਿਆਲ ਆਉਂਦਾ ਏ, ਤੁਹਾਡੇ ਡਗਮਗਾਵਣ ਦਾ,
ਪਰਿੰਦਾ ਸ਼ਾਖ ਤੇ ਬੈਠਾ, ਜਦੋਂ ਪਰ ਤੋਲਦਾ ਹੋਵੇ।

ਸੁਲਗਦੇ ਹੋਏ ਪੱਤਿਆਂ ਦੇ ਰੂ-ਬਰੂ ਹੋਈਏ ਕਿਵੇਂ?
ਅੱਗ ਵੀ ਆਪਨੀ ਬਿਰਖ ਵੀ, ਆਪਨਾ ਲਾਇਆ ਮਿਲੇ।

ਰੌਲਾ ਬਣ 'ਸੁਰਜੀਤ' ਹੋਣਗੇ, ਰੌਲੇ ਦੇ ਵਿਚ ਗਰਕ ਜਾਣਗੇ,
ਬੇਮਤਲਬ ਜੋ ਬੋਲ ਉਚਾਰੇ, ਚੁੱਪਾਂ ਨੂੰ ਮਾਯੂਸ ਕਰਨਗੇ।

ਦੌੜਦੇ ਹੋਏ ਥੱਕ ਚੱਲੇ ਹਾਂ, ਘਰੀਂ ਮੁੜਨਾ ਮਿਲੇ,
ਸੋਚਦਾ ਕੇ ਪੈਰ ਕਿਧਰੇ, ਦੋ ਘੜੀ ਤੁਰਨਾ ਮਿਲੇ।

ਸੁਰਜੀਤ ਜੱਜ ਦੀ ਸ਼ਾਇਰੀ ਸੁਪਨੇ ਦੇ ਭਾਗ ਨੂੰ ਤੋੜਕੇ ਜ਼ਿੰਦਗੀ ਦੇ ਸੱਚ ਦੇ ਸਨ-ਮੁੱਖ ਹੁੰਦੀ ਹੈ। ਸੁਪਨਾ ਚਾਹੇ ਹੁਸੀਨ ਹੋਵੇ ਤੇ ਸੱਚ ਚਾਹੇ ਕਰੂਪ, ਸੁਪਨਾ ਚਾਹੇ ਸੂਖਮ ਹੋਵੇ ਤੇ ਸੱਚ ਕਠੋਰ—ਸੁਰਜੀਤ ਜੱਜ ਹਰ ਘਟਨਾ ਵਿਚੋਂ ਵਾਪਰੇ ਅਤੇ ਸੰਭਾਵਿਤ ਸੱਚ ਨੂੰ ਸਾਕਾਰ

ਕਰਨ ਵੱਲ ਰੁਚਿਤ ਹੈ। ਉਹ ਸੱਚ ਨੂੰ ਨਵੇਂ-ਪੁਰਾਣੇ ਤੇ ਅਛੋਹ-ਰਲਵੇ ਮਿਲਵੇਂ ਬਿੰਬਾਂ, ਰੂਪਕਾਂ, ਪ੍ਰਤੀਕਾ ਰਾਹੀਂ ਉਜਾਗਰ ਕਰਦਾ ਹੈ :

ਪਹੁੰਚਿਆ ਹਾਂ ਕਿਸ ਪੜਾਅ ਉੱਤੇ, ਇਕੱਲਾ ਰਹਿ ਗਿਆ,
ਇਕ ਵਿਗੋਚਾ ਹਰ ਸਫ਼ਰ ਵਿਚ, ਨਾਲ ਸੀ ਬੀਤੇ ਦਿਨੀਂ।

ਸ਼ੋਰ ਦੇ ਇਸ ਦੌਰ ਨੇ, ਇੰਞ ਬਦਲੀਆਂ ਨੇ ਫਿਤਰਤਾਂ,
ਨਾ ਸੁਣੇ ਕੋਈ ਨਾ ਸਮਝੇ, ਅਣ ਕਹੀ ਇਹਨੀਂ ਦਿਨੀਂ।

ਕਾਫਲੇ ਫਿਰ ਵੀ ਬਣਨਗੇ, ਤੁਰਨਗੇ ਆਉਂਦੇ ਦਿਨੀਂ,
ਪੈਰ ਜੋ ਭਟਕੇ ਘਰਾਂ ਨੂੰ, ਮੁੜਨਗੇ ਆਉਂਦੇ ਦਿਨੀਂ।

ਇਹਨਾਂ ਤਿੰਨਾਂ ਗ਼ਜ਼ਲਾਂ ਵਿਚ ਸੁਰਜੀਤ ਜੱਜ ਨੇ ਸਮੇਂ ਦੇ ਸਮੁੱਚ ਦੀਆਂ ਪਰਤਾਂ ਉਜਾਗਰ ਕਰਨ ਦਾ ਆਪਣੀ ਤਰ੍ਹਾਂ ਦਾ ਨਿਵੇਕਲਾ ਕਲਾਤਮਕ ਯਤਨ ਕਰਦਾ ਹੈ।

**ਆਉਂਦੇ ਦਿਨੀਂ** ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਵਿਚ ਸੁਰਜੀਤ ਜੱਜ ਨੇ ਕੁਝ ਦਾਅਵੇ ਕੀਤੇ ਹਨ ਅਤੇ ਕੁਝ ਨੁਕਤੇ ਵੀ ਉਠਾਏ ਹਨ, ਜਿਹੜੇ ਆਪਣੇ ਆਪ ਵਿਚ ਤਾਂ ਅਹਿਮ ਹੋ ਸਕਦੇ ਹਨ, ਪਰ ਸਮੁੱਚੀ ਰਚਨਾ ਦੇ ਪ੍ਰਸੰਗ ਵਿਚ ਇਹਨਾਂ ਦਾ ਕੋਈ ਵਿਸ਼ੇਸ਼ ਮਹੱਤਵ ਉਜਾਗਰ ਨਹੀਂ ਹੁੰਦਾ। ਦਰਅਸਲ, ਹਰ ਰਚਨਾ ਦਾ ਅਸਲ ਪ੍ਰਸੰਗ ਤੇ ਮਹੱਤਵ ਉਸਦੇ ਅੰਦਰ ਹੀ ਹੁੰਦਾ ਹੈ ਅਤੇ ਇਸ ਨੇ ਓਸਦੇ ਅੰਦਰੋਂ ਹੀ ਉਜਾਗਰ ਹੋਣਾ ਹੁੰਦਾ ਹੈ—ਇਸ ਦਾ ਬਾਹਰੀ ਪ੍ਰਸੰਗ ਜਾਂ ਟਾਕਰਾ ਸੁਭਾਵਕ ਤੌਰ ਤੇ ਏਨਾ ਉੱਚਿਤ ਪ੍ਰਤੀਤ ਨਹੀਂ ਹੁੰਦਾ, ਸਗੋਂ ਅਜਿਹਾ ਕਰਦਿਆਂ ਇਸ ਵਿਚ ਉਚੇਚ ਵੀ ਆ ਜਾਂਦਾ ਹੈ। ਸੁਰਜੀਤ ਜੱਜ ਦੀ ਸ਼ਾਇਰੀ ਵਿਚ ਬਿਆਨ ਦਾ ਸੰਘਣਾਪਨ ਵੀ ਰੜਕਦਾ ਹੈ। ਕਿਤੇ-ਕਿਤੇ ਉਹ ਸ਼ਾਇਰੀ ਨੂੰ ਪ੍ਰਭਾਵੀ ਬਣਾਉਂਦਿਆਂ ਅਢੁਕਵਾਂ ਵਰਣਨ ਵੀ ਕਰ ਜਾਂਦਾ ਹੈ। ਬੇਸ਼ਕ ਉਸਦੇ ਵਿਚਾਰਾਂ ਦੀ ਸੰਜੀਦਗੀ ਤੇ ਸਾਰਥਕਤਾ ਨੂੰ ਘਟਾਇਆ ਨਹੀਂ ਜਾ ਸਕਦਾ, ਫਿਰ ਵੀ ਰੂਪਕ ਪੱਖੋਂ ਕਾਵਿ ਦੀ ਸੂਖਮਤਾ ਅਤੇ ਰਵਾਨੀ ਪ੍ਰਤੀ ਉਸ ਨੂੰ ਹੋਰ ਸੁਚੇਤ ਹੋਣ ਦੀ ਲੋੜ ਹੈ।

ਜਿੱਥੇ ਕਿਤੇ ਸੁਰਜੀਤ ਜੱਜ ਵਿਚਾਰਾਂ ਦੀ ਪੁਗਤਗੀ ਦੇ ਨਾਲ ਨਾਲ ਕਾਵਿ ਸੁਹਜ ਵੀ ਕਾਇਮ ਰੱਖ ਸਕਿਆ ਹੈ, ਉਥੇ ਉਸਦੀ ਸ਼ਾਇਰੀ ਵਿਚ ਅੰਤਾਂ ਦਾ ਨਿਖਾਰ ਆਇਆ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਸੁਰਜੀਤ ਜੱਜ ਵਿਸ਼ੇ ਤੇ ਰੂਪ ਦੇ ਸੁਮੇਲ ਅਤੇ ਵਿਚਾਰਾਂ ਤੇ ਭਾਵਾਂ ਦੇ ਸਾਵੇਂਪਨ ਨਾਲ 'ਆਉਂਦੇ ਦਿਨੀਂ' ਇਸ ਤੋਂ ਵੀ ਬੇਹਤਰ ਸ਼ਿਅਰ ਰਚੇਗਾ।

—ਅਤੈ ਸਿੰਘ

—o—



## ਅਗਨਾਰ—ਗੁਰਚਰਨ ਰਾਮਪੁਰੀ

ਗੁਰਚਰਨ ਦੀ ਕਵਿਤਾ ਪਿਛਲੇ ਚਾਲੀ ਵਰ੍ਹਿਆਂ ਦੀ ਵਡਮੁੱਲੀ ਪ੍ਰਾਪਤੀ ਹੈ। ਪਰਵਾਸੀ ਹੋ ਕੇ ਵੀ ਉਹ ਪੰਜਾਬ ਵਾਸੀ, ਭਾਰਤ ਵਾਸੀ ਹੀ ਰਿਹਾ ਹੈ। ਕੋਈ ਲੇਖਕ ਕਿਤੇ ਵੀ, ਭਾਵੇਂ ਸੱਤ ਸਮੁੰਦਰ ਪਾਰ ਹੀ ਕਿਉਂ ਨਾ ਚਲਿਆ ਜਾਵੇ, ਪਰ ਉਹ ਆਪਣੇ ਲੋਕਾਂ, ਆਪਣੀ ਮਿੱਟੀ, ਆਪਣੇ ਇਤਿਹਾਸ ਤੇ ਆਪਣਾ ਸਭਿਆਚਾਰ ਤੇ ਸੰਸਕਾਰਾਂ ਨਾਲੋਂ ਨਹੀਂ ਟੁੱਟ ਸਕਦਾ। ਉਹ ਜਦ ਰੋਵੇਗਾ ਤਾਂ ਆਪਣੀ ਹੀ ਮਾਂ-ਬੋਲੀ ਵਿਚ ਵਿਰਲਾਪ ਕਰੇਗਾ ਤੇ ਹਉਕੇ ਭਰੇਗਾ।

ਗੁਰਚਰਨ ਦੀ ਕਵਿਤਾ ਨੇ ਨਿਰੰਤਰ ਵਿਕਾਸ ਕੀਤਾ ਹੈ, ਪਰ ਉਸ ਦੀ ਸਿਫਤ ਤੇ ਵਡਿਆਈ ਏਸ ਗੱਲ ਵਿਚ ਹੈ ਕਿ ਉਸਨੇ ਆਪਣੇ ਆਰੰਭਕ ਸਾਹਿਤਕ-ਜੀਵਨ ਸਮੇਂ ਅਪਣਾਇਆ ਮਨੁੱਖ-ਹਿਤੈਸ਼ੀ ਪੈਂਤੜਾ ਨਹੀਂ ਛੱਡਿਆ। ਉਸ ਦਾ ਦਿਲ ਆਪਣੇ ਪੰਜਾਬੀ ਲੋਕਾਂ ਦੇ ਹਾਸਿਆਂ ਤੇ ਦੁੱਖਾਂ ਨਾਲ ਜੁੜਕੇ ਧੜਕਦਾ ਰਿਹਾ ਹੈ।

ਗੁਰਚਰਨ ਦੀ ਕਵਿਤਾ ਦਾ ਵਿਸ਼ਾ-ਵਸਤੂ, ਉਸਦਾ ਅਨੁਭਵ ਲਗਾਤਾਰ ਬਦਲਿਆ ਹੈ। ਉਸ ਨੇ ਪਿਛਲੇ ਚਾਰ ਦਹਾਕਿਆਂ ਦੀਆਂ ਜਨ-ਜੀਵਨ ਦੀਆਂ ਚਣੌਤੀਆਂ ਨੂੰ ਰਚਨਾਤਮਿਕ ਪੱਧਰ ਤੇ ਪ੍ਰਵਾਨ ਕੀਤਾ ਹੈ। ਏਸੇ ਵਿਚ ਹੀ ਉਸ ਦੇ ਨਿਰੰਤਰ ਵਿਕਾਸ ਦਾ ਭੇਤ ਲੁਕਿਆ ਹੋਇਆ ਹੈ। ਉਸ ਦੀ ਰਚਨਾ ਮਨੁੱਖੀ ਵਿਗਾੜਾਂ, ਕੁਰਾਹਿਆਂ ਤੇ ਅਤਿਆ-ਚਾਰਾਂ ਦੇ ਵਿਰੁੱਧ ਨਿਰੰਤਰ ਕਾਰਜਸ਼ੀਲ ਰਹੀ ਹੈ।

ਭੂਮਿਕਾ ਵਿਚ ਕਹੀ ਕਵੀ ਦੀ ਅੱਜ ਦੀ ਗੱਲ ਸ਼ਾਇਦ ਸਰਬ ਸਮਿਆਂ ਦੀ ਸੱਚੀ ਗੱਲ ਹੈ, ਜਦੋਂ ਉਹ ਆਖਦਾ ਹੈ ;

"ਮੈਨੂੰ ਤਾਂ ਸਾਡੀ ਦੁਨੀਆਂ ਅਤੇ ਇਸਦੇ ਲੋਕਾਂ ਦੀਆਂ ਸਮੱਸਿਆਵਾਂ ਵਿਚ ਹੀ ਦਿਲਚਸਪੀ ਹੈ......ਪਰ ਮੇਰੇ ਲਈ ਤਾਂ ਕੋਈ ਸਾਹਿਤਕ ਰਚਨਾ ਇਕ ਸਮਾਜਕ ਸੱਚ ਹੁੰਦਾ ਹੈ ਜੋ ਸਮਾਂ ਬੀਤਣ ਉੱਤੇ ਆਪਣੇ ਸਮੇਂ ਦਾ ਸਭਿਆਚਾਰਕ ਇਤਿਹਾਸ ਬਣ ਜਾਂਦਾ ਹੈ। ਇਹ ਲੇਖਕ ਦੇ ਵਿਚਾਰਾਂ ਦੀ ਪ੍ਰਮਾਣਿਕ ਪੈੜ ਵੀ ਹੈ। ਅਜੇਹਾ ਸਾਹਿਤ ਰਚਣ ਵਲੋਂ ਮੂੰਹ ਮੋੜਨਾ ਭਾਜ ਦੇ ਰਾਹ ਪੈਣਾ ਹੈ।"

ਗੁਰਚਰਨ ਸਾਡੀ ਸਦੀ ਦਾ ਸੁਚੇਤ ਤੇ ਨਾਗ੍ਰਿਕ ਹੱਕਾਂ ਪ੍ਰਤੀ ਵਚਨਬੱਧ ਪੰਜਾਬੀ ਕਵੀ ਹੈ। ਉਸ ਦੇ ਪੈਰ ਅਡੋਲ ਅੱਗੇ ਵਧੇ ਹਨ। ਉਸ ਨੇ ਸਾਡੇ ਸਮਾਜੀ, ਸਿਆਸੀ ਮਸਲਿਆਂ ਨੂੰ ਆਪਣੀ ਕਾਵਿਕ ਸਮਰੱਥਾ ਅਨਸਾਰ ਸ਼ਾਇਰਾਨਾ ਬੋਲ ਪ੍ਰਦਾਨ ਕੀਤੇ ਹਨ। ਤੇ ਨਿੱਤ ਬਦਲਦੇ ਸਮਾਜਕ ਸੱਚ ਦੀਆਂ ਪੈੜਾਂ ਚਿਤਰਨ ਤੇ ਫੜਨ ਦੀ ਯੋਗਤਾ ਵਿਖਾਈ ਹੈ। ਉਸਦਾ ਲੰਮਾ ਕਾਵਿ-ਸਫ਼ਰ ਸਪੱਸ਼ਟ ਭਾਂਤ ਇਹ ਗੱਲ ਪ੍ਰਮਾਣਿਤ ਕਰਦਾ ਹੈ ਕਿ ਕਵੀ ਆਪਣੇ ਸਮਿਆਂ ਦੇ ਸਮਾਜਕ/ਰਾਜਸੀ ਪ੍ਰਸ਼ਨਾਂ ਨਾਲ ਜੂਝਣ ਤੋਂ ਬਿਨਾਂ ਨਾ ਤਾਂ ਜੀਊਂਦਾ ਰਹਿ ਸਕਦਾ ਹੈ ਤੇ ਨਾ ਹੀ ਵਿਕਾਸ ਕਰ ਸਕਦਾ ਹੈ।

ਰਾਮਪੁਰੀ ਨੇ ਹੁਣ ਲੈ ਤੇ ਤਾਲ ਭਰੀ ਆਜ਼ਾਦ ਨਜ਼ਮ ਨੂੰ ਅੰਤਮ ਤੌਰ ਤੇ ਇੱਕੋ ਇਕ

ਕਾਵਿ-ਰੂਪ ਵਜੋਂ ਪ੍ਰਵਾਣਤ ਕਰ ਲਿਆ ਹੈ, ਹਾਲਾਂ ਕਿ ਉਹ ਪਹਿਲੇ ਵੇਲਿਆਂ ਵਿਚ ਖ਼ੂਬਸੂਰਤ ਤੇ ਪਰਪੱਕ ਗ਼ਜ਼ਲਾਂ ਕਹਿੰਦਾ ਰਿਹਾ ਹੈ।

ਹਿਜਰ ਦੀ ਰਾਤ ਨੀਂਦ ਕਦ ਆਉਂਦੀ ਹੈ ?
ਵਸਲ ਦੀ ਰਾਤ ਕੌਣ ਸਾਉਂਦਾ ਹੈ ?

ਵਰਗੇ ਸ਼ਿਅਰ ਕਹਿਣ ਵਾਲਾ ਸ਼ਾਇਰ ਗ਼ਜ਼ਲ ਕਹਿਣਾ ਭੁੱਲ ਜਾਵੇ ; ਹੈਰਾਨੀ ਹੁੰਦੀ ਹੈ।

ਪਰ ਨਵੀਂ ਆਜ਼ਾਦ ਨਜ਼ਮ ਵਿਚ ਉਹ ਸ਼ਾਇਰਾਨਾ ਅੰਦਾਜ਼ ਨੂੰ ਕਾਇਮ ਰੱਖਦਾ ਹੈ। ਇਤਿਹਾਸ/ਮਿਥਿਹਾਸ ਦੀ ਬਾਖ਼ੂਬੀ ਵਰਤੋਂ ਕਰਦਾ, ਉਹ ਲੋਕਾਈ ਦੇ ਦਰਦ ਨੂੰ ਕਲਮ-ਬੰਦ ਕਰਦਾ ਹੈ।

ਨਵੇਂ ਸੰਗ੍ਰਹਿ ਵਿਚ ਅੱਠਾਂ ਸਾਲਾਂ ਦੀਆਂ ਨਜ਼ਮਾਂ ਪੇਸ਼ ਹਨ। ਵਧੇਰੇ ਕਵਿਤਾਵਾਂ ਪੰਜਾਬ ਤੇ ਕੇਂਦਰ ਵਿਚ ਰਾਜ ਕਰਦੀ ਹਾਕਮ ਪਾਰਟੀ ਦੀਆਂ ਕੁਚਾਲਾਂ ਬਾਰੇ ਹਨ।

ਟਾਈਟਲ ਦੇ ਅੰਦਰ ਬਾਰ, ਕਵੀ ਨੇ ਆਪਣੀ ਕਵਿਤਾ ਦੇ ਬਾਰੇ ਉਹ ਸਾਰੀਆਂ ਟੂਕਾਂ ਹੂਬਹੂ ਦਰਜ ਕਰ ਦਿੱਤੀਆਂ ਹਨ, ਜਿਹੜੀਆਂ 1985 ਵਿਚ "ਕਤਲਗਾਹ" ਦੇ ਟਾਈਟਲ ਦੇ ਅੰਦਰਵਾਰ ਛਾਪੀਆਂ ਸਨ। ਕੀ ਇਹਨਾਂ ਅੱਠਾਂ ਸਾਲਾਂ ਵਿਚ ਰਾਮਪੁਰੀ ਇਕ ਥਾਂ ਹੀ ਖਲੋਤਾ ਰਿਹਾ ਹੈ ਜਾਂ ਕਿ ਉਸ ਦੀ ਕਵਿਤਾ ਬਾਰੇ ਨਵੀਆਂ ਟਿੱਪਣੀਆਂ ਹੀ ਨਹੀਂ ਹੋਈਆਂ।

"ਅਗਨਾਰ" ਦੁਖਾਂਤਕ ਵਰ੍ਹਿਆਂ ਦੇ ਸੰਤਾਪ ਦੀ ਦਸਤਾਵੇਜ਼ ਹੈ ਤੇ ਪ੍ਰਗਤੀਵਾਦੀ ਕਵਿਤਾ ਦਾ ਕੀਮਤੀ ਸਰਮਾਇਆ ਹੈ।

—(ਹ. ਸ. ਹ.)

—o—

ਲਹਿੰਦੇ ਚੜ੍ਹਦੇ ਪੰਜਾਬ ਦੀਆਂ

**ਮਿੰਨੀ ਨਜ਼ਮਾਂ**

ਦਾ ਪਰਾਗਾ ਬੜੀ ਛੇਤੀ ਸਾਹਮਣੇ ਆਵੇਗਾ। ਆਪਣੀਆਂ ਦਸ-ਦਸ ਮਿੰਨੀ ਨਜ਼ਮਾਂ,

ਤਸਵੀਰ ਸਣੇ ਛੇਤੀ ਘੱਲ ਦਿਓ

ਪਤਾ :—

**ਐਮ. ਅਸ਼ਰਫ਼ ਸੁਹੇਲ**

**ਪੋਸਟ ਬਕਸ ਨੰ: 8059 ਲਾਹੌਰ (ਪਾਕਿਸਤਾਨ)**





ਫਰਵਰੀ 26, 94

ਪਿਆਰੇ ਹੁੰਦਲ ਜੀ,

ਦੁਆਵਾਂ !

ਤੁਹਾਨੂੰ ਖੌਰੇ ਫਾਰਸੀ ਲਿਪੀ ਆਂਵਦੀ ਵੀ ਏ ਯਾ ਨਹੀਂ ! ਪਰ ਮੈਂ ਖ਼ਤ ਆਪਣੀ ਲਿਪੀ ਵਿਚ ਈ ਲਿਖ ਰਿਹਾ ਵਾਂ। ਮੈਨੂੰ ਗੁਰਮੁਖੀ ਆਂਵਦੀ ਏ, ਚਿਰਾਗ਼ (ਅੰਕ ਤਿਨ) ਮੇਰੀ ਗ਼ਜ਼ਲ ਤੇ ਨਜ਼ਮਾਂ ਛਾਪਣ ਦਾ ਢੇਰ ਸ਼ੁਕਰੀਆ। 'ਚਿਰਾਗ਼' ਦੀ ਚੋਣ ਬੜੀ ਸੋਹਣੀ ਏ, ਬਿਲਕੁਲ ਇੰਝ ਜਿਵੇਂ ਮੈਂ ਆਪਣੇ ਪਰਚੇ 'ਅਣਖ' (ਤ੍ਰੈ-ਮਾਸਕ) ਦੀ ਵੇਖਣਾ ਚਾਹੁਣਾ ਦੋ ਨਜ਼ਮਾਂ (ਕੌਂਕੇ ਦੀ ਗਾਨੀ) ਚਿਰਾਗ਼ ਦੇ ਸ਼ੁਕਰੀਏ ਨਾਲ ਛਾਪ ਰਿਹਾ ਵਾਂ। ਉਮੀਦ ਏ ਅੱਗੇ ਤੋਂ ਪਰਚਾ ਮੈਨੂੰ ਸਿੱਧਾ ਸਾਵਾਂ ਘੱਲੋਗੇ। ਬਾਕੀ ਸਭ ਖ਼ੈਰਾਂ ਨੇ। ਇਲਿਆਸ ਘੁੰਮਣ ਵਲੋਂ ਸਲਾਮ।

ਆਬਦ ਨਿਬੇਲ ਸ਼ਾਦ
ਸੰਪਾਦਕ ਅਣਖ (ਤ੍ਰੈ-ਮਾਸਕ)
ਕਸੂਰ (ਪਾਕਿਸਤਾਨ)

ਸ੍ਰੀਮਾਨ ਜੀ,

ਨਵਾਂ ਅੰਕ (ਮਾਰਚ 94) ਮਿਲਿਆ। ਪਰਚੇ ਦੀ ਦਿੱਖ ਤੇ ਮੈਟਰ ਦਾ ਜਵਾਬ ਨਹੀਂ। ਤੁਸੀਂ ਮੈਨੂੰ ਹਮੇਸ਼ਾਂ ਹੀ ਆਪਣਾ ਪਰਚਾ ਭੇਜਿਆ ਕਰੋ।

ਰਾਮ ਸਰੂਪ ਅਣਖੀ, ਬਰਨਾਲਾ

ਵੀਰ ਜੀਓ,

ਲੜੀ-7 ਵਿਚ ਦਰਜ ਤੁਹਾਡੀਆਂ ਪ੍ਰਵਾਸੀ-ਚੇਤਨਾ ਨਾਲ ਸੰਬਧਿਤ ਦੋਵੇਂ ਕਵਿਤਾਵਾਂ ਲਾਸਾਨੀ ਹਨ। ਪ੍ਰਵਾਸੀ ਭਾਵੇਂ ਆਪਣੀ ਅਸਲੀਅਤ ਨੂੰ ਕਿੰਨਾ ਵੀ ਲੁਕਾ ਲੈਣ, ਉਹਨਾਂ ਨੂੰ ਆਖਰ ਯਥਾਰਥ ਦਾ ਸਾਹਮਣਾ ਕਰਨਾ ਹੀ ਪਵੇਗਾ। ਸਮਸ਼ੇਰ ਢਪਾਲੀ ਤੇ ਜਿੰਦਰ ਦੀਆਂ ਕਹਾਣੀਆਂ ਸਿਹਤਮੰਦ ਹਨ ਜਿਹਨਾਂ ਵਿਚੋਂ ਅਜੋਕੇ ਸਮਾਜਿਕ ਯਥਾਰਥ ਦੀ ਤਸਵੀਰ ਮਿਲਦੀ ਹੈ ਵਿਸ਼ੇਸ਼ ਕਰਕੇ ਜਿੰਦਰ ਨੇ ਸਮਾਜਿਕ-ਸੰਰਚਨਾ ਦੀਆਂ ਕੁਰੂਪਤਾਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਉਘਾੜਿਆ ਹੈ। 'ਵਾਘਿਓਂ ਪਾਰ' ਨਾਲ ਸਪਰਕ ਬਣਾਈ ਰੱਖੋ। ਇਹ ਪਰਚੇ ਦੀ ਜਾਨ ਹੈ। ਪਰੰਤੂ ਅਲੋਚਨਾ ਭਾਗ ਕਮਜ਼ੋਰ ਜਾਪਿਆ ਹੈ।

ਡਾ: ਜੋਗਿੰਦਰ ਸਿੰਘ—ਨਿਰਾਲਾ (ਬਰਨਾਲਾ)

○ 'ਅੰਨ੍ਹੇ ਘੋੜੇ ਦੀ ਕਥਾ' ਵਧੀਆ ਨਜ਼ਮ ਹੈ ਤੇ 'ਮਾਫੀਨਾਮਾ' ਜੇ ਬਿਲਕੁਲ ਸਾਫ ਕਹਾਂ ਤਾਂ ਪਾਸ਼ ਦੀ ਕੋਈ ਨਜ਼ਮ ਸਾਹਮਣੇ ਰੱਖ ਸਕਦੇ ਹਾਂ...। ਹਿੰਦੀ ਨਜ਼ਮ **'ਮਾਂ ਅਕਾਸ਼ ਕਿੰਨਾ ਵੱਡਾ ਹੈ'**। ਇਸ ਅੰਕ ਦੀ ਹਾਸਿਲ ਨਜ਼ਮ ਹੈ। **'ਵਾਘਿਓਂ ਪਾਰ'** ਦੀ ਸ਼ਾਇਰੀ ਸਾਡੇ ਸਨਮੁੱਖ ਕਰਕੇ ਚਿਰਾਗ਼ ਇਕ ਵਧੀਆ ਕੰਮ ਕਰ ਰਿਹਾ ਹੈ।

ਵਿਸ਼ਾਲ (ਬਿਆਸ)

ਪਿਆਰੇ ਹਰਭਜਨ,

ਮੈਂ 24 ਫਰਵਰੀ ਤੋਂ 10 ਮਾਰਚ ਤੀਕਰ ਲੰਡਨ ਸਾਂ। ਸਾਊਥੈਂਪਟਨ ਵੀਰਿੰਦਰ ਨੇ ਨਵੇਂ ਚਿਰਾਗ਼ ਵਿਚੋਂ ਤੇਰੀ ਕਵਿਤਾ ਪੜ੍ਹ ਕੇ ਸੁਣਾਈ। ਜੋ ਤੂੰ ਇੰਗਲੈਂਡ ਵਿਚ ਲਿਖੀ ਸੀ, ਅਲਾਮਾ ਇਕਬਾਲ ਨੇ ਵੀ "ਸਾਰੇ ਜਹਾਂ ਜੇ ਅੱਛਾ ਹਿੰਦੁਸਤਾਨ ਹਮਾਰਾ" ਇੱਥੇ ਹੀ ਲਿਖੀ ਸੀ। ਘਰ ਬਾਹਰ ਹੋਈਏ, ਘਰ ਯਾਦ ਆਉਂਦਾ ਹੈ। ਦੇਸ਼ੋਂ ਬਾਹਰ ਹੋਈਏ ਦੇਸ਼। ਮਨੁੱਖੀ ਫਿਤਰਤ ਹੈ। ਪਰ ਇਸ ਦੀ ਪਿਛੋਕੜ ਵਿਚ ਮਿੱਟੀ ਦਾ ਮੋਹ ਹੈ। ਜਾਂ ਵਾਤਾਵਰਨ ਨਾਲ ਲੰਬੀ ਸਾਂਝ। ਜਿਵੇਂ ਪਏ ਹੋਏ ਰਾਹਾਂ ਤੇ ਚੱਲਣਾ ਸੌਖਾ ਹੁੰਦਾ ਹੈ, ਨਵੇਂ ਰਾਹ ਪਾ ਕੇ ਚੱਲਣ ਨਾਲੋਂ। ਜਾਂ ਜਿਵੇਂ ਰਵਾਇਤਾਂ ਤੇ ਚਲਣ ਦੀ ਖ਼ਾਸ ਪੈ ਜਾਂਦੀ ਹੈ। ਰਤਾ ਭਰ ਵੀ ਵੱਖਰੀ ਗੱਲ ਸਹਿਨ ਨਹੀਂ ਹੁੰਦੀ। ਪਰ ਜੇ ਨਵੇਂ ਰਾਹਾਂ ਤੇ ਚਲਣ ਦੀ ਵਾਦੀ ਪੈ ਜਾਵੇ। ਜਾਂ ਨਵੇਂ ਦੇਸ਼ ਵਿਚ ਰਹਿਣ ਦਾ ਸਮਾਂ ਲੰਬਾ ਹੋ ਜਾਵੇ। ਤਾਂ ਆਪਣਾ ਦੇਸ਼ ਓਪਰਾ ਲੱਗਣ ਲੱਗ ਜਾਂਦਾ ਹੈ। ਕੁਝ ਹੀ ਸਮੇਂ ਬਾਅਦ ਨਵੇਂ ਆਪਣੇ ਦੇਸ਼, ਨਵੇਂ ਘਰ ਨੂੰ ਮੁੜਨ ਨੂੰ ਜੀ ਕਰਦਾ ਹੈ। ਜਾਂ ਜਿੱਥੇ ਜ਼ਿੰਦਗੀ ਦੇ ਦਿਨ ਸੌਖੇ ਲੰਘੇ ਹੋਣ ਉਹ ਦਿਨ ਤੇ ਥਾਂ ਨਹੀਂ ਭੁਲਦੀ: ਨਿਰਨਾ, ਹੋਰ ਵਿਸਥਾਰ ਦੀ ਮੰਗ ਕਰਦਾ ਹੈ। ਬਾਹਰ ਨਵੇਂ ਜਨਮੇ ਬੱਚਿਆਂ ਲਈ ਹਿੰਦੁਸਤਾਨ ਅਜਿਹਾ ਹੀ ਹੈ। ਜਿਵੇਂ ਬਰਤਾਨਵੀ ਜਾਂ ਕੈਨੇਡੀਅਨ ਬੱਚਿਆਂ ਲਈ। 'ਊਸ਼ਮਾ' ਨੂੰ ਜਦੋਂ ਕਦੇ ਝੁਹੇਰਵਾਂ ਹੁੰਦਾ ਹੈ, ਤਾਂ ਸਾਊਥਾਲ ਦਾ। ਪੰਜਾਬ ਨਾਮ ਦੀ ਕੋਈ ਚੀਜ਼ ਉਹਦੀ ਕਲਪਣਾ ਵਿਚ ਨਹੀਂ। ਉਂਝ ਉਹ ਪੰਜਾਬੀ ਬੋਲਦੀ ਹੈ। ਲੋਕ-ਗੀਤਾਂ ਦੀਆਂ ਕੈਸਟਾਂ ਵੀ ਸੁਣਦੀ ਰਹਿੰਦੀ ਹੈ। ਆਪਣੇ ਆਪ ਨੂੰ ਪੰਜਾਬੀ ਸਮਝਦੀ ਵੀ ਹੈ! ਪਰ ਪੰਜਾਬ ਉਸ ਨੂੰ ਕਦੀ ਯਾਦ ਨਹੀਂ ਆਉਂਦਾ। ਸਾਨੂੰ ਪੰਜਾਬ ਵੀ ਯਾਦ ਆਉਂਦੀ ਹੈ ਅਤੇ ਸਾਊਥਾਲ ਵੀ। ਪਰ ਹੁਣ ਥਕੇਵਾਂ ਇੱਥੇ ਆ ਕੇ ਲਹਿੰਦਾ ਹੈ, ਜਿੱਥੇ ਆਪਣਾ ਘਰ ਹੈ। ਭਾਵੇਂ ਇੱਥੇ ਤਾਪਮਾਨ—31 ਹੋਵੇ ਜਾਂ+25 ਹੋਵੇ।

ਗੱਲ ਜ਼ਰਾ ਵਧੇਰੇ ਲੰਬੀ ਹੋ ਗਈ। ਲਕੀਰ ਵਿਚ ਤੇਰੇ ਬਾਰੇ ਕੀਤੇ ਗਏ ਰੀਵੀਊ ਦਾ ਵੀ ਸੁਣਿਆ। ਪੜ੍ਹਿਆ ਤਾਂ ਨਹੀਂ। ਇਹ ਭਾਜੀ ਤਾਂ ਲਹਿੰਦੀ-ਚੜ੍ਹਦੀ ਰਹਿੰਦੀ ਹੈ।

ਇੱਥੇ ਰੁੱਤ ਬਦਲ ਰਹੀ ਹੈ, ਬਰਫ਼ਾਂ ਢਲ ਰਹੀਆਂ ਹਨ। ਅਤੇ ਧਰਤੀ ਆਪਣਾ ਪਿੰਡਾ ਨੰਗਾ ਕਰ ਰਹੀ ਹੈ। ਛੇਤੀ ਹੀ ਹਰਿਆਵਲ ਇਸ ਨੂੰ ਨਵੀਂ ਪੁਸ਼ਾਕ ਪਵਾ ਦੇਵੇਗੀ ਅਤੇ ਮਰਾਇਰੀ ਵਿਚ ਕਣਕਾਂ ਦੇ ਸਿੱਟੇ ਝੂਮ ਉੱਠਣਗੇ। ਰੈਡਰਿਵਰ ਵਿਚ ਜੰਮਿਆ ਪਾਣੀ ਲਹਿਰਾਂ ਮਾਰਦਾ ਅਤੇ ਦੁਖਾਨੀ ਕਿਸ਼ਤੀਆਂ ਇਸ ਵਿਚ ਘੁੰਮਦੀਆਂ ਫਿਰਨਗੀਆਂ।

ਨਿਘੇ ਪਿਆਰ ਨਾਲ

ਜੋਗਿੰਦਰ ਸ਼ਮਸ਼ੇਰ

O ਸੱਚ ਜਾਣਿਓ ਮੈਂ ਸੱਭ ਤੋਂ ਪਹਿਲਾਂ ਹਾਬੜਿਆਂ ਵਾਂਗ 1947 ਵਿਚ ਰੋਂਦਿਆਂ-ਕੁਰਲਾਉਂਦਿਆ ਵਿਛੜੇ ਭਰਾਵਾਂ ਦਾ ਕਲਾਮ ਹੀ ਪੜ੍ਹਦਾਂ ਅਤੇ ਕਈ-ਕਈ ਵਾਰ ਪੜ੍ਹਦਾ ਹਾਂ। ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਮਨੁੱਖ ਦੀਆਂ ਪਾਈਆਂ ਵੰਡੀਆਂ ਅਤੇ ਖੜੀਆਂ ਕੀਤੀਆਂ ਰੁਕਾਵਟਾਂ ਭੰਨ ਤੋੜ ਸੁੱਟੀਆਂ ਹਨ, ਕਰਲੋ ਜੋ ਕਰਨਾ ਜੇ।



ਧਰਤੀ ਅਤੇ ਬੋਲੀ ਜਾਏ ਵਾਘਿਓ ਪਾਰ ਵਾਲੇ ਵੀਰਾਂ ਨੂੰ ਮਿਲਣ ਨੂੰ ਤਾਂ ਬਹੁਤ ਚਿਤ ਕਰਦਾ, ਪਰ ਬਾਬੇ ਨਜ਼ਮੀ ਹੁਰਾਂ ਦੇ ਕਹਿਣ ਵਾਂਗੂ ਵਿਚਾਲੇ ਚੰਦਰੀ ਹੱਦ ਪੇਸ਼ ਨਹੀਂ ਜਾਣ ਦੇਂਦੀ।

ਮੈਨੂੰ ਬਾਬੇ ਨਜਮੀ ਹੁਰਾਂ ਦਾ 'ਇਜ਼ਤਾਂ ਵਾਲਿਓ' ਸੰਬੋਧਨ ਚੰਗਾ ਨਹੀਂ ਲਗਾ। ਇਹ ਸ਼ਬਦ 20ਵੀਂ ਸਦੀ ਦੇ ਪਹਿਲੇ ਦੋ ਦਹਾਕਿਆ ਤੱਕ ਯੂਰਪ ਵਿਚ ਕਾਲੀਨ ਲੋਕਾਂ ਲਈ ਵਰਤਿਆ ਜਾਂਦਾ ਸੀ, ਜਿਹਨਾਂ ਨੂੰ ਉਹਨਾਂ ਦੇ ਚੰਡਾਲ ਅਤੇ ਲੋਟੂ ਖਾਸੇ ਕਰਕੇ ਗ਼ਰੀਬ ਅਤੇ ਨਿਤਾਣੇ ਲੋਕ ਨਫ਼ਰਤ ਕਰਦੇ ਸਨ।

ਡਾਕਟਰ ਅਨੂਪ ਹੁਰੀਂ ਬਹੁਤ ਵਧੀਆ ਅਲੋਚਕ ਹਨ। ਪ੍ਰੰਤੂ ਸ਼ਬਦਾਵਲੀ ਤਾਂ ਸੰਸਕ੍ਰਿਤ ਨਾਲੋਂ ਵੀ ਔਖੀ ਹੁੰਦੀ ਹੈ, ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਸਿਰਫ ਬੁੱਧੀ-ਜੀਵੀਆਂ ਜਾਂ ਲਿਖਾਰੀਆਂ ਲਈ ਹੀ ਹੈ। ਮੇਰਾ ਸੁਨੇਹਾ ਡਾਕਟਰ ਸਾਹਿਬ ਨੂੰ ਪਹੁੰਚਾ ਦੇਣ।

ਹਰਚਰਨ ਸਿੰਘ, ਸ਼ਕਤੀ ਨਗਰ, ਕਪੂਰਥਲਾ।

—o—

## ਫਿਕਰਾਂ ਦਾ ਹਰਕਾਰਾ/ਮੀਆਂ ਸਲੀਮ ਜਹਾਂਗੀਰ (ਪਾਕਿਸਤਾਨ)

ਮੈਂ ਜਦ ਵੀ ਵੇਲੇ ਦੇ ਕੋਰੇ ਵਰਕੇ ਉੱਤੇ
ਕੋਈ ਅੱਖਰ ਲਿਖਣ ਦੀ ਕੋਸ਼ਿਸ਼ ਕਰਦਾਂ
ਇਕ ਨੁਕਤੇ ਤੋਂ
ਇਕ ਸਿਫਰੇ ਤੋਂ ਵਧ ਨਹੀਂ ਸਰਦਾ
ਏਹੋ ਨੁਕਤਾ, ਏਹੋ ਸਿਫਰਾ
ਮੇਰੇ ਜ਼ਿਹਨ ਤੋਂ ਪੋਟਿਆਂ ਤੀਕਰ
ਸੋਚਾਂ ਦਾ ਲਿਸ਼ਕਾਰਾ ਬਣ ਕੇ
ਫਿਕਰਾਂ ਦਾ ਹਰਕਾਰਾ ਬਣ ਕੇ
ਨੱਚਦਾ ਫਿਰਦਾ ਏ।

—o—

## ਚਿੰਤਾ

ਆਪਣੇ ਹੋਵਣ ਨਾ ਹੋਵਣ ਦੀ ਚਿੰਤਾ
ਸੀਨੇ ਦੇ ਵਿਚ ਇੰਝ ਫਸੀ ਹੈ
ਜਿਉਂ ਮੱਛੀ ਦੇ ਹਲਕ 'ਚ ਕੁੰਡੀ
ਡੋਰ ਖਿੱਚਾਂ ਤਾਂ ਹੋਰ ਵੀ ਮਰਦੀ
ਚਿੰਤਾ ਰੁੱਗ ਕਲੇਜੇ ਭਰਦੀ
ਖਾ ਗਏ ਸੂਰਜ, ਧਾ ਗਏ ਰਾਤ
ਜਮੀ ਬਿੱਜ, ਜਰਨੈਲ ਜਮਾਤ

—o—

## ਪੁਸਤਕ ਪ੍ਰਾਪਤੀ

1. ਪਾਕਿਸਤਾਨੀ ਚੋਣਵੀਂ ਪੰਜਾਬੀ (ਕਵਿਤਾ), ਪੰਨੇ 250, ਮੁੱਲ 160/- ਰੁਪਏ ਨਵ-ਯੁਗ ਦਿੱਲੀ ।
2. ਮਨ ਪ੍ਰਦੇਸੀ ਜੇ ਥੀਆ (ਕਵਿਤਾ), ਪੰਜਾਬੀ ਲੇਖਕ ਮੰਚ ਕੈਨੇਡਾ, ਮੁੱਲ 100/- ਰੁਪਏ ਪੰਨੇ 160, ਸੰਪਾਦਕੀ ਬੋਰਡ ।
3. ਮਨੁੱਖ ਦੀ ਕੀਮਤ (ਕਹਾਣੀਆਂ), ਗਰਤੇਜ ਬੱਬੀ, ਪੰਨੇ 72, ਮੁੱਲ 30/-, ਸਮਰਾਟ ਪਾਕਟ ਬੁੱਕਸ, ਮੋਗਾ ।
4. ਕਾਵੇਰੀ (ਕਵਿਤਾ), ਦਰਨ ਸੰਚੇਵਾਲਵੀ, ਮੁੱਲ ਪੇਪਰ ਬੈਕ 30/- ਰੁਪਏ, ਪੰਨੇ 104 ।
5. ਜੰਗਨਾਮਾ ਪੰਜਾਬ (ਕਵਿਤਾ), ਹਰਭਜਨ ਸਿੰਘ ਹੁੰਦਲ, ਮੁੱਲ 12/- ਰੁਪਏ, ਪੰਨੇ 46, ਚਿਰਾਗ਼ ਪ੍ਰਕਾਸ਼ਨ ਜਲੰਧਰ ।
6. ਗਵਾਚੇ ਸੂਰਜ (ਨਾਵਲ), ਬਲਜੀਤ ਬੱਲੀ, ਪੰਨੇ 344, ਮੁੱਲ 80/- ਰੁਪਏ, ਮਦਾਨ ਪਬਲਿਸ਼ਰਜ਼, ਪਟਿਆਲਾ ।
7. ਹੁੰਮਸ (ਨਾਵਲ), ਕੇ. ਐਲ. ਗਰਗ, ਪੰਨੇ 88, ਮੁੱਲ 45/- ਰੁਪਏ, ਨੈਸ਼ਨਲ ਬੁੱਕ ਸ਼ਾਪ, ਦਿੱਲੀ ।
8. ਵਗਦੇ ਪਾਣੀ ਦਾ ਸਿਰਨਾਵਾ (ਕਵਿਤਾ), ਲਾਲ ਫਰੀਦਕੋਟੀ, ਪੰਨੇ 80, ਮੁੱਲ 50/- ਰੁਪਏ ।
9. ਵੈਨਕੂਵਰ ਵਿਚ ਇੱਕੋ ਦਿਨ (ਸਫਰਨਾਮਾ), ਡਾ: ਰਘਬੀਰ ਢੰਡ, ਪੰਨੇ 116, ਮੁੱਲ 70/- ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ।
10. ਸਲ੍ਹਾਬੀ ਹਵਾ (ਕਵਿਤਾ), ਦਰਸ਼ਨ ਬੁੱਟਰ, ਪੰਨੇ 80, ਮੁੱਲ 60/- ਰੁਪਏ, ਅਮਨ ਪਬਲੀਕੇਸ਼ਨ, ਨਾਭਾ ।
11. ਏਨੀ ਮੇਰੀ ਬਾਤ (ਕਵਿਤਾ), ਅਨਿਲ ਆਦਮ, ਸੰਘਰਸ਼ ਸੋਸਾਇਟੀ, ਫਿਰੋਜ਼ਪੁਰ ।
12. ਥੋਹ ਦੇ ਫੁੱਲ, (ਕਹਾਣੀਆਂ), ਸੁਰਿੰਦਰ ਸਿੰਘ, ਸਮਰਾਟ ਪਾਕਟ ਬੁੱਕਸ, ਮੋਗਾ ।
13. ਆਵੇਸ਼-ਪ੍ਰਵੇਸ਼ (ਕਵਿਤਾ), ਬੀ. ਐਸ. ਰਤਨ, ਮੁੱਲ 50/- ਰੁਪਏ, ਪੰਨੇ 72, ਮਿੰਨੀ ਪ੍ਰਕਾਸ਼ਨ ।
14. ਸੂਹੀ ਫੁਲਕਾਰੀ (ਗੀਤ), ਪੰਨੇ 88, ਮੁੱਲ 10/- ਰੁਪਏ, ਸੁਰਖ਼ ਰੇਖਾ ਪ੍ਰਕਾਸ਼ਨ ।
15. ਤਾਇਆ ਰੱਬ (ਨਾਵਲ), ਮੁਖਤਿਆਰ ਸਿੰਘ, ਮੁੱਲ 20/- ਰੁਪਏ, ਪੰਨੇ 144, ਲਿਟਰੇਚਰ ਹਾਊਸ, ਅੰਮ੍ਰਿਤਸਰ ।
16. ਇਹ ਅੱਖਰ (ਕਵਿਤਾ), ਅਜਾਇਬ ਅਜੀਬ, ਪੰਨੇ 96, ਮੁੱਲ 50/- ਰੁਪਏ ।

—0—




With best compliments from :

**FREEDOM SALES**

**G. T. Road (Near Canal),**
**AMRITSAR-143001**

Awarded with Gold Medal & Udyog Patra by
Vice President of India

CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & NUTS BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resi. Phone :
224453, 220018, 224853,
221500, 62148,
Grams : 'FREEDOM'

ਉੱਤਰੀ ਭਾਰਤ ਵਿਚ ਸਿਰਫ ਇੱਕੋ

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ**

# ਭੂਪਿੰਦਰਾ ਨਰਸਿੰਗ ਹੋਮ

**ਸਾਡੀਆਂ ਵਿਸ਼ੇਸ਼ਤਾਈਆਂ :**

★ **ਚਰਬੀ ਕੱਢਣ,** ਸਰੀਰ ਚੋਂ ਵਾਧੂ ਜਮ੍ਹਾ ਹੋਈ ਚਰਬੀ ਕੱਢਣਾ ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ ।

★ **ਸਫ਼ੇਦ ਦਾਗ਼,** ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗ਼ਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਨੂੰ ਵੱਡਾ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ ।

★ ਚਿਹਰੇ ਦੀਆਂ ਝੁਰੜੀਆਂ ਨੂੰ ਢੁਕਵੀਂ, ਉਮਰ ਦੇ ਪਰਭਾਵਾਂ ਨੂੰ ਘਟਾਕੇ, ਜਵਾਨ ਦਿੱਖ ਬਹਾਲ ਕਰਨੀ ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਣਾ ।

**ਵਿਸ਼ੇਸ਼ :**

★ ਦਾਗ਼, ਧੱਬੇ ਜਾਂ ਲਸਣ ਨੂੰ ਮਿਟਾਉਣਾ ।

★ ਗੰਜੇਪਨ ਦਾ ਇਲਾਜ ਵਾਲਾਂ ਦੇ ਪ੍ਰਤੀਰੂਪਣ ਰਾਹੀਂ ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ ।

★ ਜਲੇ ਸੜੇ ਦਾ ਇਲਾਜ

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ੍ਹ ਆਦਿ ਦੀ ਦਰੁਸਤੀ ।

## ਡਾ. ਬੀ. ਪੀ. ਸਿੰਘ, ਐਮ. ਐਸ.

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ**

ਨੇੜੇ ਸੈਂਟਰਲ ਟਾਊਨ ਗੁਰਦਵਾਰਾ ਦੀਵਾਨ ਅਸਥਾਨ,

ਮਿਲਾਪ ਰੋਡ, ਜਲੰਧਰ-144001

ਟੈਲੀਫੂਨ ; 223376, 224228, 221295